***“ Chaupai “ info***

***Khalsa news Feb 3rd,2013***

http://www.khalsanews.org/newspics/2013/02%20Feb%2013/03%20Feb%2013/03%20Feb%2013%20Chaupai%20-%20Gurmit%20S%20Australia.htm

# ਬੇਨਤੀ ਚੌਪਈ: ਚਰਿਤ੍ਰੋਪਾਖਿਆਨ

– *ਗੁਰਮੀਤ ਸਿੰਘ (ਸਿਡਨੀ – ਆਸਟ੍ਰੇਲੀਆ)*




“**ਗੁਰੂ ਗ੍ਰੰਥ ਸਾਹਿਬ**” ਦੀ ਹਜ਼ੂਰੀ `ਚ ਸਿੱਖ ਜਗਤ ਹਰ ਰੋਜ਼ ਅਰਦਾਸ ਸਮੇਂ ਬੇਨਤੀ ਕਰਦਾ ਆ ਰਿਹਾ ਹੈ: “ਆਗਿਆ ਭਈ ਅਕਾਲ ਕੀ, ਤਬੈ ਚਲਾਯੋ ਪੰਥ। ਸਭ ਸਿੱਖਨ ਕਉ ਹੁਕਮ ਹੈ, ਗੁਰੂ ਮਾਨਿਓ ਗ੍ਰੰਥ”। ਹੁਣ ਤੇ ਸਾਨੂੰ ਇਹ ਭੀ ਜਾਣਕਾਰੀ ਹੈ ਕਿ “ਬੇਨਤੀ ਚੌਪਈ” ਗੁਰੂ ਗ੍ਰੰਥ ਸਾਹਿਬ ਵਿੱਚ ਅੰਕਿਤ ਨਹੀਂ ਹੈ। ਗੁਰੂ ਗ੍ਰੰਥ ਸਾਹਿਬ ਦੇ ਪੰਨੇ ੮ ਤੋਂ ੧੨ ਵਿਖੇ ਸਿਰਲੇਖ “ਸੋ ਦਰੁ ਅਤੇ ਸੋ ਪੁਰਖ” ਹੇਠ ਨੌ ਸ਼ਬਦ ਅੰਕਿਤ ਕੀਤੇ ਹੋਏ ਮਿਲਦੇ ਹਨ, ਪਰ ਇਹ ਸਮਝ ਨਹੀਂ ਆਉਂਦੀ ਕਿ ‘ਬੇਨਤੀ ਚੌਪਈ’, ਨਿੱਤਨੇਮ ਦੇ ਗੁਟਕਿਆਂ ਅਤੇ ਸਿੱਖ ਰਹਤ ਮਰਯਾਦਾ ਵਿੱਚ ਕਿਉਂ ਸ਼ਾਮਲ ਕੀਤੀ ਗਈ?

ਬਚਿਤ੍ਰ ਨਾਟਕ (ਜਾਂ ਇੰਜ ਕਹਿ ਲਓ, ਅਖੌਤੀ ਦਸਮ ਗ੍ਰੰਥ) ਵਿੱਚ ਇੱਕ ਬਹੁਤ ਵੱਡੇ ਆਕਾਰ ਦੀ `ਚਰਿਤ੍ਰੋਪਾਖਿਆਨ’ ਲਿਖੀ ਮਿਲਦੀ ਹੈ, ਜਿਸ ਦੇ ਚਾਰ ਸੌ ਚਾਰ ਚਰਿਤ੍ਰ ਹਨ। ਅਖੀਰਲੇ ਚਰਿਤ੍ਰ ਨੰਬਰ ੪੦੪ ਦੇ ੪੦੫ ਪੈਰੇ ਜਿਸ ਵਿੱਚ (੧੩) ਚੌਪਈਆਂ ਹਨ। ਜਿਵੇਂ **“ਸਬੁਧਿ ਬਾਚ, ਚੌਪਈ”** ਤੋਂ ਸ਼ੁਰੂ ਹੁੰਦੀ ਹੈ ਅਤੇ ਇਸ ਦਾ ਪਹਿਲਾ ਪੈਰਾ ਇੰਜ ਹੈ:

ਸਤਿ ਸੰਧਿ ਇੱਕ ਭੂਪ ਭਨਿਜੈ। ਪ੍ਰਥਮੇ ਸਤਿਜੁਗ ਬੀਚ ਕਹਿਜੈ।
ਜਿਹ ਜਸ ਪੁਰੀ ਚੌਦਹੂੰ ਛਾਯੋ। ਨਾਰਦ ਰਿਖਿ ਤਬ ਰਾਇ ਮੰਗਾਯੋ।

ਡਾ: ਰਤਨ ਸਿੰਘ ਜੱਗੀ ਅਤੇ ਡਾ: ਗੁਰਸ਼ਰਨ ਕੌਰ ਜੱਗੀ (ਕਿਤਾਬ: ਸ੍ਰੀ ਦਸਮ-ਗ੍ਰੰਥ ਸਾਹਿਬ: ਪਾਠ-ਸੰਪਾਦਨ ਅਤੇ

ਵਿਆਖਿਆ, ਗੋਬਿੰਦ ਸਦਨ, ਗਦਾਈਪੁਰ, ਮਹਿਰੌਲੀ, ਨਵੀਂ ਦਿਲੀ-੧੧੦੦੩੦) ਅਰਥ ਕਰਦੇ ਹਨ ਕਿ ਸਬੁਧਿ ਨੇ ਕਿਹਾ: ਸਤਿ ਸੰਧਿ ਨਾਂ ਦਾ ਇੱਕ ਰਾਜਾ ਦਸਿਆ ਜਾਂਦਾ ਸੀ। (ਉਹ) ਪਹਿਲੇ (ਯੁਗ, ਅਰਥਾਤ) ਸਤਿਯੁਗ ਵਿੱਚ ਹੋਇਆ ਕਿਹਾ ਜਾਂਦਾ ਸੀ। ਉਸ ਦਾ ਯਸ਼ ਚੌਦਾਂ ਲੋਕਾਂ ਵਿੱਚ ਪਸਰਿਆ ਹੋਇਆ ਸੀ। ਤਦ ਰਾਜੇ ਨੇ ਨਾਰਦ ਰਿਸ਼ੀ ਨੂੰ ਆਪਣੇ ਕੋਲ ਬੁਲਾਇਆ। ੧। ਇੰਜ, ਇਹ ਕਹਾਣੀ/ਵਾਰਤਾ ਪੈਰਾ ੧ ਤੋਂ ੩੭੬ ਅਤੇ ੪੦੫ ਤੱਕ ਚਲਦੀ ਹੈ।

ਧੰਨ੍ਯ ਧੰਨ੍ਯ ਲੋਗਨ ਕੇ ਰਾਜਾ। ਦੁਸਟਨ ਦਾਹ ਗਰੀਬ ਨਿਵਾਜਾ।
ਅਖਲ ਭਵਨ ਕੇ ਸਿਰਜਨਹਾਰੇ। ਦਾਸ ਜਾਨਿ ਮੁਹਿ ਲੇਹੁ ਉਬਾਰੇ। **੩੭੬।**

ਅਰਥ: (ਅਤੇ ਕਿਹਾ: ) ਹੇ ਲੋਕਾਂ ਦੇ ਰਾਜੇ! ਤੁਸੀਂ ਧੰਨ ਹੋ, (ਤੁਸੀਂ) ਦੁਸ਼ਟਾਂ ਨੂੰ ਮਾਰ ਕੇ ਗ਼ਰੀਬਾਂ ਦੀ ਰਖਿਆ ਕੀਤੀ ਹੈ। ਹੇ ਸਾਰੇ ਸੰਸਾਰ ਦੀ ਸਿਰਜਨਾ ਕਰਨ ਵਾਲੇ! ਦਾਸ ਜਾਣ ਕੇ ਮੇਰੀ ਰਖਿਆ ਕਰੋ। ੩੭੬।

ਇਸ ਤੋਂ ਅੱਗੇ **'ਕਬ੍ਯੋ ਬਾਚ ਬੇਨਤੀ: ਚੌਪਈ'** ਆਰੰਭ ਹੁੰਦੀ ਹੈ:

ਹਮਰੀ ਕਰੋ ਹਾਥ ਦੈ ਰਛਾ। ਪੂਰਨ ਹੋਇ ਚਿਤ ਕੀ ਇਛਾ।
ਤਵ ਚਰਨਨ ਮਨ ਰਹੈ ਹਮਾਰਾ। ਅਪਨਾ ਜਾਨ ਕਰੋ ਪ੍ਰਤਿਪਾਰਾ। **੩੭੭।**

ਡਾ: ਜੱਗੀ ਜੀ ਅਰਥ ਕਰਦੇ ਹਨ: ਕਵੀ ਨੇ ਬੇਨਤੀ ਕੀਤੀ: (ਹੇ ਪਰਮ ਸੱਤਾ) ਆਪਣਾ ਹੱਥ ਦੇ ਕੇ ਮੇਰੀ ਰਖਿਆ ਕਰੋ। (ਤਾਂ ਜੋ) ਮੇਰੇ ਚਿਤ ਦੀ ਇੱਛਾ ਪੂਰੀ ਹੋ ਜਾਏ। ਮੇਰਾ ਮਨ (ਸਦਾ) ਤੁਹਾਡੇ ਚਰਨਾਂ ਨਾਲ ਜੁੜਿਆ ਰਹੇ। ਆਪਣਾ ਜਾਣ ਕੇ ਮੇਰੀ ਪ੍ਰਤਿਪਾਲਨਾ ਕਰੋ। ੩੭੭। ਫਿਰ, ਅਖੀਰਲੇ ਕੁੱਝ ਪੈਰੇ ਪੜ੍ਹੋ:

ਖੜਗਕੇਤੁ ਮੈ ਸਰਨਿ ਤਿਹਾਰੀ। ਆਪੁ ਹਾਥ ਦੈ ਲੇਹੁ ਉਬਾਰੀ।
ਸਰਬ ਠੌਰ ਮੋ ਹੋਹੁ ਸਹਾਈ। ਦੁਸਟ ਦੋਖ ਤੇ ਲੇਹੁ ਬਚਾਈ। **੪੦੧।**

ਇਸ ਦੇ ਅਰਥ ਡਾ: ਜੱਗੀ ਜੀ ਨੇ ਕੀਤੇ ਹੋਏ ਹਨ: ਹੇ ਖੜਗਕੇਤੁ! ਮੈਂ ਤੁਹਾਡੀ ਸ਼ਰਨ ਵਿੱਚ ਹਾਂ। ਆਪਣਾ ਹੱਥ ਦੇ ਕੇ (ਮੈਨੂੰ) ਬਚਾ ਲਵੋ। ਸਭ ਥਾਂਵਾਂ ਤੇ ਮੇਰੇ ਸਹਾਇਕ ਹੋ ਜਾਓ। ਦੁਸ਼ਟ (ਦੁਸ਼ਮਨ) ਅਤੇ ਦੁਖ ਤੋਂ ਬਚਾ ਲਵੋ। ੪੦੧।

ਕ੍ਰਿਪਾ ਕਰੀ ਹਮ ਪਰ ਜਗਮਾਤਾ। ਗ੍ਰੰਥ ਕਰਾ ਪੂਰਨ ਸੁਭਰਾਤਾ।
ਕਿਲਬਿਖ ਸਕਲ ਦੇਖ ਕੋ ਹਰਤਾ। ਦੁਸਟ ਦੋਖਿਯਨ ਕੋ ਛੈ ਕਰਤਾ। **੪੦੨।**

ਅਰਥ: ਮੇਰੇ ਉਤੇ ਜਗਮਾਤਾ ਨੇ ਕ੍ਰਿਪਾ ਕੀਤੀ ਹੈ (ਅਤੇ ਮੈਂ) ਸ਼ੁਭ ਗੁਣਾਂ ਨਾਲ ਭਰਪੂਰ (ਸੁਭਰਾਤਾ) ਗ੍ਰੰਥ ਪੂਰਾ ਕੀਤਾ ਹੈ। (ਉਹੀ) ਮੇਰੇ ਸ਼ਰੀਰ ਦੇ ਸਾਰੇ ਪਾਪਾਂ ਨੂੰ ਨਸ਼ਟ ਕਰਨ ਵਾਲੀ ਅਤੇ ਦੁਸ਼ਟਾਂ (ਵੈਰੀਆਂ) ਅਤੇ ਦੋਖੀਆ ਨੂੰ ਨਸ਼ਟ ਕਰਨ ਵਾਲੀ ਹੈ। ੪੦੨।

ਸ੍ਰੀ ਅਸਿਧੁਜ ਜਬ ਭਏ ਦਯਾਲਾ। ਪੂਰਨ ਕਰਾ ਗ੍ਰੰਥ ਤਤਕਾਲਾ।
ਮਨ ਬਾਛਤ ਫਲ ਪਾਵੈ ਸੋਈ। ਦੂਖ ਨ ਤਿਸੈ ਬਿਆਪਤ ਕੋਈ। ੪੦੩।

ਅਰਥ: ਜਦ ਸ੍ਰੀ ਅਸਿਧੁਜ (ਮਹਾ ਕਾਲ) ਦਿਆਲ ਹੋਏ, ਤਾਂ ਉਸੇ ਵੇਲੇ (ਮੈਂ ਇਹ) ਗ੍ਰੰਥ ਮੁਕੰਮਲ ਕਰ ਲਿਆ। (ਜੋ ਇਸ ਦਾ ਪਠਨ ਪਾਠਨ ਕਰੇਗਾ) ਉਹ ਮਨ-ਇੱਛਤ ਫਲ ਪ੍ਰਾਪਤ ਕਰੇਗਾ। ਉਸ ਨੂੰ ਕੋਈ ਵੀ ਦੂਖ ਵਿਆਪਤ ਨਹੀਂ ਹੋਵੇਗਾ। ੪੦੩।

**ਅੜਿਲ**

ਸੁਨੈ ਗੁੰਗ ਜੋ ਯਾਹਿ ਸੁ ਰਸਨਾ ਪਾਵਈ। ਸੁਨੈ ਮੂੜ ਚਿਤ ਲਾਇ ਚਤੁਰਤਾ ਆਵਈ।
ਦੂਖ ਦਰਦ ਭੌ ਨਿਕਟ ਨ ਤਿਨ ਨਰ ਕੋ ਰਹੈ। ਹੋ ਜੋ ਯਾ ਕੀ ਏਕ ਬਾਰ ਚੌਪਈ ਕੋ ਕਹੈ। ੪੦੪।

ਅਰਥ: ਇਸ ਗ੍ਰੰਥ ਨੂੰ ਜੇ ਗੁੰਗਾ ਸੁਣੇਗਾ, (ਤਾਂ) ਉਹ ਜੀਭ ਪ੍ਰਾਪਤ ਕਰ ਲਵੇਗਾ। ਜੇ ਮੂਰਖ ਚਿਤ ਲਗਾ ਕੇ ਸੁਣੇਗਾ, (ਤਾਂ ਉਸ ਦੇ ਅੰਦਰ) ਸਿਆਣਪ ਆ ਜਾਏਗੀ। ਉਸ ਵਿਅਕਤੀ ਦੇ ਨੇੜੇ ਦੂਖ, ਦਰਦ ਅਤੇ ਭੈ ਨਹੀਂ ਰਹੇਗਾ, ਜੋ ਇੱਕ ਵਾਰ ਇਸ ਚੌਪਈ ਦਾ ਪਾਠ ਕਰੇਗਾ। ੪੦੪।

**ਚੌਪਈ**

ਸੰਬਤ ਸਤ੍ਰਹ ਸਹਸ ਭਣਿਜੈ। ਅਰਧ ਸਹਸ ਫੁਨਿ ਤੀਨਿ ਕਹਿਜੈ।
ਭਾਦ੍ਰਵ ਸੁਦੀ ਅਸਟਮੀ ਰਵਿ ਵਾਰਾ। ਤੀਰ ਸਤੁਦ੍ਰਵ ਗ੍ਰੰਥ ਸੁਧਾਰਾ। ੪੦੫।

***ਇਤਿ ਸ੍ਰੀ ਚਰਿਤ੍ਰ ਪਖ੍ਯਾਨੇ ਤ੍ਰਿਯਾ ਚਰਿਤ੍ਰੇ ਮੰਤ੍ਰੀ ਭੂਪ ਸੰਬਾਦੇ ਚਾਰ ਸੌ ਚਾਰ ਚਰਿਤ੍ਰ ਸਮਾਪਤਮ ਸਤੁ ਸੁਭਮ ਸਤੁ। ੪੦੪। ੭੫੩੯। ਸਮਾਪਤਮ।***

ਅਰਥ: (ਪਹਿਲਾਂ) ਸਤਾਰਾਂ ਸੌ ਸੰਮਤ ਕਹੋ ਅਤੇ (ਫਿਰ ਉਸ ਨਾਲ) ਅੱਧਾ ਸੌ (੫੦) ਅਤੇ ਤਿੰਨ ਕਹੋ (ਅਰਥਾਤ: ੧੭੫੩ ਬਿ.)। ਭਾਦੋਂ ਮਹੀਨੇ ਦੀ ਸੁਦੀ ਅੱਠਵੀਂ ਐਤਵਾਰ ਨੂੰ ਸਤਲੁਜ ਨਦੀ ਦੇ ਕੰਢੇ (ਬੈਠ ਕੇ ਇਹ) ਗ੍ਰੰਥ ਸੰਪੂਰਨ ਕੀਤਾ। ੪੦੫।

*ਇਥੇ ਸ੍ਰੀ ਚਰਿਤ੍ਰੋਪਾਖਿਆਨ ਦੇ ਤ੍ਰੀਆ ਚਰਿਤ੍ਰ ਦੇ ਮੰਤ੍ਰੀ ਭੂਪ ਸੰਵਾਦ ਦੇ ੪੦੪ ਚਰਿਤ੍ਰ ਦੀ ਸਮਾਪਤੀ, ਸਭ ਸ਼ੁਭ ਹੈ। ੪੦੪। ੭੫੩੯। ਸਮਾਪਤ।*

ਕਈ ਸਾਲਾਂ ਤੋਂ ਇਸ ਚੌਪਈ ਦੇ ਅਣਗਿਣਤ ਪਾਠ ਕੀਤੇ ਜਾ ਰਹੇ ਹਨ, ਪਰ ਇਸ ਦਾ ਕੋਈ ਪਤਾ ਨਹੀਂ ਕਿ ਕੀ ਕੋਈ ਗੁੰਗਾ ਬੋਲਣ ਲੱਗ ਪਿਆ ਹੈ ਜਾਂ ਕੋਈ ਮੂਰਖ ਸਿਆਣਾ ਬਣ ਗਿਆ ਹੈ? ਜਾਂ ਕੀ ਉਨ੍ਹਾਂ ਦੇ ਸਾਰੇ ਦੁੱਖ ਦੂਰ ਹੋ

ਗਏ ਹਨ ਅਤੇ ਮਹਾ ਕਾਲ ਨੇ ਉਨ੍ਹਾਂ ਦੀਆਂ ਸਾਰੀਆਂ ਮੰਗਾਂ ਪੂਰੀਆਂ ਕਰ ਦਿੱਤੀਆਂ ਹਨ? ਬਚਿਤ੍ਰ ਨਾਟਕ ਵਿਚੋਂ ਇਸ ਚੌਪਈ ਦੇ ਨੰਬਰ ੩੭੭ ਤੋਂ ੪੦੧, ਨਿੱਤਨੇਮ ਦੇ ਗੁਟਕਿਆਂ ਵਿਖੇ ੧ ਤੋਂ ੨੫ ਤੱਕ ਕਿਉਂ ਬਦਲੇ ਗਏ ਅਤੇ ਆਖੀਰਲੀ ਵਾਰਤਾ ਨੰਬਰ ੪੦੨ ਤੋਂ ੪੦੫ ਕਿਉਂ ਛੱਡ ਦਿੱਤੀ ਗਈ? ਕੀ ਇਹ ਸਿੱਖਾਂ ਨਾਲ ਧੋਖੇਬਾਜ਼ੀ-ਚਾਲਾਕੀ ਨਹੀਂ ਅਤੇ ਇਸ ਦਾ ਕੌਣ ਜ਼ੁਮੇਵਾਰ ਹੈ? ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ ਦੀ ਇੱਕ ਹੋਰ ਦਵੈਤ-ਨੀਤੀ ਦੇਖੋ ਕਿ ਇੱਕ ਪਾਸੇ ਤਾਂ ਇਹ ਕਹਿ ਰਹੀ ਹੈ ਕਿ "ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਵਾਕਰ (ਤੁੱਲ) ਕਿਸੇ ਪੁਸਤਕ ਨੂੰ ਅਸਥਾਪਨ ਨਹੀਂ ਕਰਨਾ"। ਪਰ, ਨਾਲ ਹੀ ਕਈ ਵਾਰਤਾਂਵਾਂ ਐਸੀਆਂ ਹਨ ਜਿਨ੍ਹਾਂ ਦਾ ਪਾਠ ਕਰਨਾ ਜ਼ਰੂਰੀ ਹੁਕਮ ਕੀਤਾ ਹੋਇਆ ਹੈ, ਭਾਵੇਂ ਉਹ ਕਈ ਹੋਰ ਪੁਸਤਕਾਂ ਵਿਚੋਂ ਲਈਆਂ ਹੋਈਆਂ ਹਨ ਅਤੇ ਇਨ੍ਹਾਂ ਦਾ ਪਾਠ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿੱਚ ਹੁੰਦਾ ਆ ਰਿਹਾ ਹੈ! ਕੀ ਐਸਾ ਕਰਨਾ ਘੋਰ-ਅਵਗਿਆ, ਅਤੇ ਗੁਰੂ ਸਾਹਿਬ ਦੇ ਹੁਕਮ ਦੀ ਉਲੰਘਣਾ/ਕੁਫਰ ਨਹੀਂ?

ਗੁਰਪੁਰਵਾਸੀ ਗਿਆਨੀ ਭਾਗ ਸਿੰਘ (ਅੰਬਾਲਾ) ਨੇ ਇੱਕ ਪੁਸਤਕ "ਦਸਮ ਗ੍ਰੰਥ ਦਰਪਣ (ਦਸਮ ਗ੍ਰੰਥ ਨਿਰਣੈ) ੧੯੭੬ ਵਿੱਚ ਛਪਾਈ ਸੀ ਜਿਸ ਵਿੱਚ ਉਨ੍ਹਾਂ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਧਰਮ ਪ੍ਰਚਾਰ ਕਮੇਟੀ ਵਲੋਂ ਇੱਕ ਚਿੱਠੀ ਨੰਬਰ ੩੬੬੭੨ ਮਿਤੀ ੩-੮-੭੩ ਦਾ ਵੇਰਵਾ ਦਿੱਤਾ ਹੋਇਆ ਹੈ ਕਿ "ਚਰਿਤ੍ਰੋ ਪਾਖਯਾਨ ਜੋ ਦਸਮ ਗ੍ਰੰਥ ਵਿੱਚ ਅੰਕਿਤ ਹਨ, ਇਹ ਦਸ਼ਮੇਸ਼ ਬਾਣੀ ਨਹੀਂ, ਇਹ ਪੁਰਾਤਨ ਹਿੰਦੂ ਮਿਥਿਆਸਕ ਸਾਖੀਆਂ ਦਾ ਉਤਾਰਾ ਹੈ।" ਇਹ ਵੀ ਜਾਣਕਾਰੀ ਦਿੱਤੀ ਹੋਈ ਹੈ ਕਿ ਇਸ ਚਿੱਠੀ-ਪੱਤਰਾਂ ਦਾ ਵੇਰਵਾ ਸ੍ਰ. ਮਾਨ ਸਿੰਘ ਜੀ, ਭਗਤ ਸਿੰਘ ਮਾਰਕੀਟ, ਨਵੀਂ ਦਿੱਲੀ ਨੇ ਆਪਣੀ ਹਫ਼ਤਾਵਾਰੀ ਅਖ਼ਬਾਰ 'ਮਾਨਸਰੋਵਰ' ਜਿਲਦ ੧੯ ਨੰਬਰ ੨੩-੨੪-੨੮, ਜੂਨ ਤੋਂ ਜੁਲਾਈ ੧੯੭੪ ਦੇ ਪਰਚੇ ਵਿੱਚ ਸਫ਼ਾ ੫ ਦੇ ਚੌਥੇ ਕਾਲਮ ਦੇ ਅੰਤਲੇ ਪੈਰੇ ਤੋਂ ਸ਼ੁਰੂ ਕਰਕੇ ਸਫਾ ੬ ਦੇ ਚੌਥੇ ਕਾਲਮ ਤਕ ਦਿੱਤਾ ਹੈ। ਇਹ ਜਾਣਕਾਰੀ ਪੁਸਤਕ: "ਦਸਮ ਗ੍ਰੰਥ ਬਾਰੇ ਚੋਣਵੇਂ ਲੇਖ" ਲੇਖਕ ਪ੍ਰਿੰ. ਹਰਿਭਜਨ ਸਿੰਘ (ਚੰਡੀਗੜ੍ਹ, ੧੯੯੬) ਅਤੇ ਇੱਕ ਹੋਰ ਕਿਤਾਬ: "ਅਖੌਤੀ ਗ੍ਰੰਥਾਂ ਦੀ ਪੜਚੋਲ?" ਲੇਖਕ ਚਰਨਜੀਤ ਸਿੰਘ ਬੱਲ (ਕੈਨੇਡਾ, ੨੦੦੪) ਵਿੱਚ ਭੀ ਪੜ੍ਹੀ ਜਾ ਸਕਦੀ ਹੈ। ਗਿਆਨੀ ਜੀ ਇਹ ਵੀ ਲਿਖਦੇ ਹਨ ਕਿ ਸ਼੍ਰੋ. ਗੁ. ਪ੍ਰ. ਕਮੇਟੀ ਅਤੇ ਡਾ. ਰਤਨ ਸਿੰਘ ਜੱਗੀ ਸਾਹਿਬ ਨਾਲ ਹੋਏ ਉਪ੍ਰੋਕਤ ਚਿੱਠੀ-ਪੱਤਰਾਂ ਦੇ ਆਧਾਰ 'ਤੇ ਵੀ ਇਹੋ ਸਪਸ਼ਟ ਹੋਇਆ ਕਿ 'ਹਮਰੀ ਕਰੋ ਹਾਥ ਦੇ ਰੱਛਾ' ਵਾਲੀ ਚੌਪਈ ਦਸ਼ਮੇਸ਼ ਕ੍ਰਿਤ ਨਹੀਂ, ਬਲਕਿ ਉਸ ਦੇਵੀ ਉਪਾਸ਼ਕ ਕਵੀ ਦੀ ਰਚਨਾ ਹੈ ਜਿਸਨੇ ੪੦੫ਵੇਂ ਭਾਵ ਅੰਤਲੇ ਚਰਿਤ੍ਰ ਮਹਾਂਕਾਲ ਵਾਲੇ ਵਿਚਲਿਆਂ ੩੭੬ ਬੰਦਾਂ ਵਿੱਚ ਨਾਟਕੀ ਢੰਗ ਨਾਲ ਆਪਣੇ ਇਸ਼ਟ ਮਹਾਂਕਾਲ ਦਾ ਤੇਜ-ਪ੍ਰਤਾਪ (ਸਬੁੱਧ ਨਾਮੇ ਮੰਤ੍ਰੀ ਦੇ ਮੂੰਹੋਂ) ਦਰਸਾਉਣ ਉਪ੍ਰੰਤ, ੨੫ ਬੰਦਾਂ ਵਾਲੀ ਚੌਪਈ ਵਿੱਚ ਉਸੇ ਮਹਾਂਕਾਲ ਅੱਗੇ ਬੇਨਤੀ ਕਰਨ ਪਿਛੋਂ ੨ ਬੰਦਾਂ ਵਿੱਚ ਜਗ-ਮਾਤਾ (ਦੁਰਗਾ) ਅਤੇ ਅਸਿਧੁੱਜ (ਮਹਾਂਕਾਲ) ਦਾ ਧੰਨਵਾਦ ਕਰਨ ਅਤੇ ਚੌਪਈ ਦਾ ਮਹਾਤਮ ਦਰਸਾ ਕੇ ਅੰਤਲੀ ਪੁਸ਼ਪਿਕਾ ਅੰਦਰ ਸੰਮਤਿ ਆਦਿਕ ਦੱਸਣ ਪਿਛੋਂ ੪੦੫ਵੇਂ ਅੰਕ ਟੋਟਲੀ ੭੫੫੫ ਅੰਕਾਂ ਉਤੇ ਸਮਾਪਤ ਕੀਤੀ ਹੈ।

ਪਰ, ਇਹ ਬੜੇ ਅਫ਼ਸੋਸ ਨਾਲ ਲਿਖਣਾ ਪੈ ਰਿਹਾ ਹੈ ਕਿ ਪਿਛਲੇ (੪੦) ਸਾਲਾਂ ਤੋਂ ਇਸ ਗ਼ਲਤੀ ਦੀ ਕੋਈ ਸੁਧਾਈ ਨਹੀਂ ਕੀਤੀ ਗਈ! *ਦਰ-ਅਸਲ, **ਸਿੱਖ ਗੁਰਦੁਆਰਾ ਐਕਟ ੧੯੨੫ ਦੀ ਧਾਰਾ ੧੩੪ (ਜੀ)** ਅਨੁਸਾਰ ਇਸ ਕਮੇਟੀ*

*ਦੇ ਖ਼ਿਲਾਫ ਕਾਨੂੰਨੀ ਕਾਰਵਾਈ ਹੋਣੀ ਚਾਹੀਦੀ ਹੈ!*

Section 134: The committee may suspend or dismiss any office-holder, provided…. that such office-holder or minister…(g) fails persistently to perform his duties in connection with the management or performance of public worship or the management or performance of any rituals and ceremonies in accordance with the teachings of Sri Guru Granth Sahib, or (h) has ceased to be a Sikh.

ਆਓ, ਗੁਰੂ ਗ੍ਰੰਥ ਸਾਹਿਬ ਵਿੱਚ ਅੰਕਿਤ ਗੁਰਬਾਣੀ ਦਾ ਹੀ ਸੋਚ-ਸਮਝ ਕੇ ਪਾਠ ਕਰਕੇ, ਸਚਿਆਰ ਕੰਮ ਕਰੀਏ।

ਖਿਮਾ ਦਾ ਜਾਚਕ,

ਗੁਰਮੀਤ ਸਿੰਘ (ਸਿੱਡਨੀ - ਆਸਟ੍ਰੇਲੀਆ) ੨੭ ਜਨਵਰੀ ੨੦੧੩

***Khalsa News 13th Jan 2014***

http://www.khalsanews.org/newspics/2014/01%20Jan%202014/13%20Jan%2014/13%20Jan%2014%20Chaupai%20is%20not%20Guru%20written%20-%20Kala%20Diwas%2013%20Jan%202014.htm

# ਚਰਿਤ੍ਰੋਪਾਖਿਆਨ ਦੀ ਰਚਨਾ "ਚੌਪਈ" ਪਾ.10 ਦੀ ਰਚਨਾ ਨਹੀਂ, ਸਗੋਂ ਜਗਮਾਤਾ / ਮਹਾਕਾਲ ਦੇ ਪੂਜਕ, ਕਵੀ ਸਿਆਮ ਦੀ ਲਿਖਤ ਹੈ




Kahlsa news April 25th , 2014

http://www.khalsanews.org/newspics/2014/04%20Apr%2014/25%20Apr%2014/25%20Apr%2014%20Chaupai%20part%201%20-%20IS%20Kanpur.htm

## "ਕਬਿਉ ਬਾਚ ਬੇਨਤੀ ਚੌਪਈ" ਦਾ ਮੂਲ ਸ੍ਰੋਤ ਅਤੇ ਭਾਵ ਅਰਥ ਬਾਰੇ - ਭਾਗ ਪਹਿਲਾ

-: *ਇੰਦਰਜੀਤ ਸਿੰਘ, ਕਾਨਪੁਰ*

ਅੰਮ੍ਰਿਤ ਛੱਕਣ ਵਾਲੇ ਸਿੱਖਾਂ ਨੂੰ, ਇਹ ਤਾਂ ਦਸ ਦਿਤਾ ਜਾਂਦਾ ਹੈ ਕਿ, ਤੁਸਾਂ ਫਲਾਂ ਫਲਾਂ ਬਣੀਆਂ, ਨਿਤਨੇਮ ਵਿੱਚ ਪੜ੍ਹਨੀਆਂ ਹਨ। ਇਨ੍ਹਾਂ ਦਾ ਸ੍ਰੋਤ, ਅਤੇ ਅਰਥ ਕਦੀ ਵੀ ਨਹੀਂ ਦੱਸੇ ਜਾਂਦੇ। ਉਹ ਸਿੱਖ, ਸ਼ਰਧਾ ਅਤੇ ਸਤਕਾਰ ਨਾਲ ਉਨ੍ਹਾਂ ਬਾਣੀਆਂ ਦਾ ਪਾਠ ਤਾਂ ਨਿਤ ਕਰਦੇ ਰਹਿੰਦੇ ਹਨ, ਲੇਕਿਨ ਉਨ੍ਹਾਂ ਵਿਚੋਂ ਬਹੁਤਿਆਂ ਨੂੰ

ਇਨ੍ਹਾਂ ਬਾਣੀਆਂ ਦਾ ਸ੍ਰੋਤ ਅਤੇ ਅਰਥ ਪਤਾ ਹੀ ਨਹੀਂ ਹੁੰਦੇ, ਜਿਸ ਵਿਚੋਂ ਖਾਸ ਕਰਕੇ "ਕਬਿਉ ਬਾਚ ਬੇਨਤੀ ਚੌਪਈ" ਇਕ ਐਸੀ ਰਚਨਾ ਹੈ, ਜੋ ਗੁਰੂ ਗ੍ਰੰਥ ਸਾਹਿਬ ਜੀ ਦੀ "ਸੋਦਰ" ਦੀ ਪਵਿਤੱਰ ਬਾਣੀ ਵਿੱਚ ਰਲਾ ਕੇ "ਰਹਿਰਾਸ" ਦੇ ਸਿਰਲੇਖ ਹੇਠ ਪੜ੍ਹੀ ਜਾਂਦੀ ਹੈ। ਇਹ "ਕਬਿਉ ਬਾਚ ਬੇਨਤੀ ਚੌਪਈ" ਕਦੋਂ ਅਤੇ ਕਿਸਨੇ ਗੁਰੂ ਗ੍ਰੰਥ ਸਾਹਿਬ ਜੀ ਦੀ "ਅੰਮ੍ਰਿਤ ਬਾਣੀ" ਵਿੱਚ ਰੱਲ ਗਡ ਕਰਕੇ "ਰਹਿਰਾਸ" ਦਾ ਪਾਠ ਬਣਾ ਦਿਤਾ, ਇਹ ਇਕ ਖੋਜ ਦਾ ਵਿਸ਼ਾ ਹੈ। ਅਜ ਇਸ ਲੇਖ ਵਿੱਚ ਅਸੀ "ਕਬਿਉ ਬਾਚ ਬੇਨਤੀ ਚੌਪਈ" ਨਾਮਕ ਰਚਨਾਂ ਦੇ ਮੂਲ ਸ੍ਰੋਤ ਅਤੇ ਅਰਥ ਭਾਵ ਬਾਰੇ ਕੁਝ ਜਾਨਕਾਰੀ ਹਾਸਿਲ ਕਰਾਂਗੇ।

ਚੋਪਈ ਦੇ ਭਾਵ ਅਰਥ ਦਸਣ ਦੀ ਬਹੁਤੀ ਜਰੂਰਤ ਇਸ ਲਈ ਵੀ ਪਈ ਹੈ, ਕਿਉਕਿ ਬਹੁਤ ਸਾਰੇ ਬੱਚੇ ਇਸ ਦੇ ਅਰਥ ਪੁਛਦੇ ਹਨ, ਲੇਕਿਨ ਪ੍ਰੋਫੇਸਰ ਸਾਹਿਬ ਸਿੰਘ ਜੀ, ਜੋ ਟੀਕਾ ਕਾਰਾਂ ਵਿਚ ਸ਼੍ਰੋਮਣੀ ਵਿਦਵਾਨ ਹਨ, ਉਨ੍ਹਾਂ ਨੇ ਵੀ ਚੌਪਈ ਦੇ ਭਾਵ ਅਰਥ ਨਹੀਂ ਕੀਤੇ ਹਨ। www.searchgurbani.com ਅਤੇ www.gurugranthdarpan.com ਵਰਗੀਆਂ ਵੇਬਸਾਈਟਾਂ ਵਿੱਚ ਵੀ ਇਸ ਦਾ ਅਨੁਵਾਦ ਨਹੀਂ ਮਿਲਦਾ। ਮੈਂ ਬਹੁਤ ਸਾਰੇ ਬਾਬੇ, ਰਾਗੀ ਅਤੇ ਟਕਸਾਲੀਏ ਪ੍ਰਚਾਰਕ ਇਹੋ ਜਹੇ ਵੇਖੇ ਹਨ, ਜੋ ਇਕ ਇਕ ਹਜਾਰ ਵਾਰ ਬੱਚਿਆਂ ਨੂੰ "ਚੌਪਈ" ਪੜ੍ਹਨ ਲਈ ਕਹਿੰਦੇ ਹਨ, ਐਸਾ ਕਰਨ ਤੇ ਉਨ੍ਹਾਂ ਨੂੰ ਈਨਾਮ ਵੀ ਵੰਡਦੇ ਹਨ। ਲੇਕਿਨ ਇਸ ਦੇ ਅਰਥ ਦਸਦਿਆਂ, ਮੈਂ ਅਪਣੀ ਸਾਰੀ ਉਮਰ ਵਿੱਚ ਉਨ੍ਹਾਂ ਨੂੰ ਇਕ ਵਾਰ ਵੀ ਨਹੀਂ ਵੇਖਿਆ।

ਪਾਠਕ ਇਸ ਗਲ ਨੂੰ ਚੰਗੀ ਤਰ੍ਹਾਂ ਸਮਝ ਲੈਣ ਕਿ ਇਥੇ ਸਾਡਾ ਮਕਸਦ ਇਸ ਰਚਨਾਂ 'ਤੇ ਕਿਸੇ ਵੀ ਪ੍ਰਕਾਰ ਦਾ ਕਿੰਤੂ ਕਰਨਾਂ ਨਹੀਂ ਹੈ। ਸ੍ਰੋਤ ਅਤੇ ਉਸਦੇ ਅਰਥ ਦਸਣਾ ਸਾਡਾ ਫਰਜ ਹੈ। ਨਿਰਣਾਂ ਕਰਨਾ ਹਰ ਸਿੱਖ ਦਾ ਅਪਣਾ ਫਰਜ ਹੈ, ਕਿ ਜੋ ਕੁਝ ਉਹ ਅਪਣੇ ਜੀਵਨ ਨਾਲ ਜੋੜ ਰਿਹਾ ਹੈ, ਉਹ ਵਸਤੁ ਗੁਰਮਤਿ ਦੇ ਅਧੀਨ ਹੈ ਕਿ ਨਹੀਂ? ਸਾਡਾ ਮਕਸਦ ਤਾਂ ਸਿਰਫ ਉਨ੍ਹਾਂ ਬਚਿਆਂ ਨੂੰ ਇਹ ਦਸਣਾ ਹੈ ਕਿ ਨਿਤਨੇਮ ਦੀ ਇਸ ਪ੍ਰਸਿਧ ਰਚਨਾ ਦਾ ਸ੍ਰੋਤ ਅਤੇ ਅਰਥ ਕੀ ਹਨ। ਇਸ ਤੋਂ ਅੱਗੇ ਨਿਰਣਾਂ ਕਰਨ ਲਈ ਹਰ ਸਿੱਖ ਕੋਲ ਉਸਦੇ ਗੁਰੂ ਦੇ ਇਹ ਉਪਦੇਸ਼ ਮੌਜੂਦ ਹਨ :

ਸੁਣਿ ਮੁੰਧੇ ਹਰਣਾਖੀਏ ਗੂੜਾ ਵੈਣੁ ਅਪਾਰੁ॥
ਪਹਿਲਾ ਵਸਤੁ ਸਿਞਾਣਿ ਕੈ ਤਾਂ ਕੀਚੈ ਵਾਪਾਰੁ॥ ਅੰਕ 1410

ਦਰਅਸਲ ਪੂਰੀ ਚੌਪਈ" ਕੁਲ 29 ਪੰਨਿਆਂ ਦੀ ਹੈ, ਜਿਸਦੀਆਂ 405 ਪੌੜੀਆਂ ਹਨ। ਜੋ ਰਚਨਾਂ "ਕਬਿਉ ਬਾਚ ਬੇਨਤੀ ਚੌਪਈ " ਅਸੀਂ ਅਪਣੇ ਨਿਤਨੇਮ ਵਿੱਚ ਪੜ੍ਹਦੇ ਹਾਂ, ਉਹ ਇਸੇ "ਪੂਰੀ ਚੌਪਈ" ਦਾ ਇਕ ਅੰਸ਼ ਮਾਤਰ ਹੈ। ਇਸ ਪੂਰੀ ਚੌਪਈ ਦਾ ਨਾਮ "ਸਬੁਧਿ ਬਾਚ॥ ਚੌਪਈ॥" ਹੈ।

"ਸਬੁਧਿ ਬਾਚ॥ ਚੌਪਈ॥" ਦਸਮ ਗ੍ਰੰਥ ਨਾਮ ਦੀ ਪੋਥੀ ਦੇ ਪੰਨਾ ਨੰਬਰ 1359 ਤੋਂ ਸ਼ੁਰੂ ਹੁੰਦੀ ਹੈ ਅਤੇ ਇਹ 1388 ਪੰਨੇ 'ਤੇ ਜਾ ਕੇ ਖਤਮ ਹੁੰਦੀ ਹੈ। ਪੂਰੀ "ਸਬੁਧਿ ਬਾਚ॥ ਚੌਪਈ॥" ਦੀਆਂ ਕੁਲ 405 ਪੌੜ੍ਹੀਆਂ ਹਨ। ਇਹ 405 ਪੌੜ੍ਹੀਆਂ ਵਾਲੀ "ਸਬੁਧਿ ਬਾਚ॥ ਚੌਪਈ॥", "ਚਰਿਤ੍ਰ ਪਾਖਿਯਾਨ" ਨਾਮਕ ਅਤਿ ਦੀ ਅਸ਼ਲੀਲ ਰਚਨਾਂ ਜਿਸਦੇ ਕੁਲ 404 ਚਰਿਤ੍ਰ ਹਨ, ਦੇ 404 ਵੇਂ ਚਰਿਤਰ ਦਾ ਅੰਤਲਾ ਹਿੱਸਾ ਹੈ। "ਸਬੁਧਿ ਬਾਚ॥ ਚੌਪਈ॥" ਦੀ 377 ਵੀਂ ਪੌੜ੍ਹੀ ਤੋਂ ਲੈਕੇ 405ਵੀਂ ਪੌੜ੍ਹੀ ਤਕ "ਕਬਿਉ ਬਾਚ ਬੇਨਤੀ ਚੌਪਈ " ਹੈ। ਨਿਤਨੇਮ ਦੇ ਗੁਟਕਿਆਂ ਵਿੱਚ ਇਸ ਦੀਆਂ ਪੌੜ੍ਹੀਆਂ ਦੇ ਨੰਬਰ 377-378--379 .......402, 403, 405 ਨੂੰ ਬਦਲ ਕੇ 1, 2, 3, 4,........26, 27, 28 ਆਦਿਕ ਕਰ ਦਿਤਾ ਗਇਆ ਹੈ। ਇਨਾਂ ਹੀ ਨਹੀਂ ਇਸ ਰਚਨਾਂ ਦੇ ਮੂਲ ਸ੍ਰੋਤ ਦੇ ਉਲਟ ਗੁਟਕਿਆਂ ਵਿੱਚ ਇਸ ਦੀ ਸ਼ੁਰੂਆਤ ਤੋਂ ਪਹਿਲਾਂ "ਪਾਤਾਸ਼ਾਹੀ 10" ਵੀ ਲਿਖ ਦਿਤਾ ਗਇਆ ਹੈ, ਜੋ ਇਸ ਦਸਮ ਗ੍ਰੰਥ ਨਾ ਦੀ ਕਿਤਾਬ, ਜੋ ਇਸਦਾ ਮੂਲ ਸ੍ਰੋਤ ਹੈ, ਵਿੱਚ ਨਹੀਂ ਲਿਖਿਆ ਹੈ।

"ਕਬਿਉ ਬਾਚ ਬੇਨਤੀ ਚੌਪਈ ਵਿਚ ਇਹ ਤਬਦੀਲੀਆਂ, ਕਿਉਂ ਅਤੇ ਕਿਸਨੇ ਕੀਤੀ ਹੈ? ਇਸ ਦਾ ਜਵਾਬ ਤਾਂ ਕੇਵਲ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਅਕਾਲ ਤਖਤ ਦੇ "ਜੱਥੇਦਾਰ ਸਾਹਿਬ" ਹੀ ਦੇ ਸਕਦੇ ਹਨ, ਜਿਨ੍ਹਾਂ ਦੀ ਦੇਖ ਰੇਖ ਹੇਠਾਂ "ਚੌਪਈ" ਦਾ ਇਹ ਵਿਗੜਿਆ ਹੋਇਆ ਰੂਪ ਗੁਟਕਿਆਂ ਵਿਚ ਛਾਪਿਆ ਜਾ ਰਿਹਾ ਹੈ। ਕਿਸੇ ਕਿਸੇ ਗੁਟਕੇ ਵਿਚ ਇਸ ਚੌਪਈ ਦੀਆਂ (ਕ੍ਰਿਪਾ ਕਰੀ ਹਮ ਪਰ ਜਗ ਮਾਤਾ ਵਾਲੀਆਂ ) ਅਖੀਰਲੀਆਂ ਚਾਰ ਪੌੜ੍ਹੀਆਂ 402, 403, 404 ਅਤੇ 405 ਹੁਣ ਹਟਾ ਦਿਤੀਆਂ ਗਈਆਂ ਹਨ। ਪੁਰਾਨੇ ਗੁਟਕਿਆਂ ਵਿੱਚ ਇਹ ਮੌਜੂਦ ਹਨ।



ਕਾਲਕਾ / ਦੁਰਗਾ / ਕਾਲੀ / ਭਗੌਤੀ   ਸ੍ਰੀ ਅਸਿਕੇਤ / ਕੇਤੂ / ਖੜਗਕੇਤੁ   ਕਾਲ/ ਮਹਾਕਾਲ / ਭੈਰਉ / ਸ਼ਿਵ / ਮਹਾਦੇਵ

"ਕਬਿਉ ਬਾਚ ਬੇਨਤੀ ਚੌਪਈ" ਦੇ ਮੂਲ ਸ੍ਰੋਤ ਨੂੰ ਅਤੇ ਇਸਦੇ ਅਰਥਾਂ ਨੂੰ ਸਮਝਣ ਲਈ 405 ਪੌੜ੍ਹੀਆਂ ਵਾਲੀ ਪੂਰੀ "ਸਬੁਧਿ ਬਾਚ॥ ਚੌਪਈ॥" ਵਿਚੋਂ ਕੁਝ ਕੁ ਪੌੜ੍ਹੀਆਂ ਅਤੇ ਬੰਦਾਂ ਦੇ ਅਰਥ ਸਮਝਣੇ ਪੈਣਗੇ। ਇਹ ਬੇਹਦ ਜਰੂਰੀ ਹੈ, ਕਿਉਕਿ "ਕਬਿਉ ਬਾਚ ਬੇਨਤੀ ਚੌਪਈ " ਇਸ ਰਚਨਾਂ ਦਾ ਹੀ ਇਕ ਹਿੱਸਾ ਹੈ। ਪੂਰੀ ਸਬੁਧਿ ਬਾਚ॥ਚੌਪਈ ॥ ਵਿਚ ਦੇਵਤਿਆ ਅਤੇ ਦੈਂਤਾਂ ਦੇ ਯੁਧਾਂ ਦਾ ਵਰਨਣ ਹੈ ਅਤੇ ਇਸ ਵਿਚ ਸ੍ਰੀ ਅਸਿਧੁਜ, ਸ੍ਰੀ ਅਸਿਕੇਤੁ, ਖੜਗਕੇਤੁ, ਕਾਲ, ਮਹਾਕਾਲ, ਕਾਲਕਾ, ਸ਼ਿਵਾ (ਦੁਰਗਾ), ਆਦਿਕ ਦੇਵੀ ਦੇਵਤਿਆ ਦਾ ਥਾਂ ਥਾਂ 'ਤੇ ਜਿਕਰ ਮਿਲਦਾ ਹੈ ਅਤੇ ਇਨ੍ਹਾਂ ਦੇਵਤਿਆਂ ਦਾ ਜਿਕਰ ਅਗੇ ਜਾ ਕੇ "ਕਬਿਉ ਬਾਚ ਬੇਨਤੀ ਚੌਪਈ" ਵਿਚ ਵੀ ਮਿਲਦਾ ਹੈ, ਜੋ ਇਨ੍ਹਾਂ ਦੇਵਤਿਆਂ ਨੂੰ ਕੀਤੀ ਗਈ ਇਕ ਬੇਨਤੀ ਅਤੇ ਜੋਦੜੀ ਦੇ ਰੂਪ ਵਿੱਚ ਅੰਕਿਤ ਹੈ।

"ਖੜਗਕੇਤੁ ਮੈਂ ਸਰਨਿ ਤਿਹਾਰੀ", "ਸ੍ਰੀ ਅਸਿਧੁਜ ਜੂ ਕਰਿਯਹੁ ਰੱਛ", ਸ੍ਰੀ ਅਸਿਧੁਜ ਜਬ ਭਏ ਦਯਾਲਾ", ਸ੍ਰੀ ਅਸਿਕੇਤੁ ਜਗਤ ਕੇ ਈਸਾ" ਆਦਿਕ ਪੰਗਤੀਆਂ ਵਿਚ ਦੇਵਤਿਆਂ ਨੂੰ ਬੇਨਤੀਆਂ ਕੀਤੀਆਂ ਗਈਆਂ ਹਨ। ਇਹੋ ਜਹੇ ਦੇਵਤਿਆਂ ਦਾ ਜਿਕਰ ਸਿੱਖਾਂ ਦੇ ਇਕੋ ਇਕ ਸ਼ਬਦ ਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਕਿਤੇ ਵੀ ਨਹੀਂ ਮਿਲਦਾ। ਇਨ੍ਹਾਂ ਦੇਵਤਿਆਂ ਨੂੰ ਕਈ ਸਿੱਖ ਅਗਿਆਨਤਾ ਵਸ ਅਕਾਲਪੁਰਖ ਲਈ ਵਰਤੇ ਗਏ ਸ਼ਬਦ ਕਹਿੰਦੇ ਹਨ। ਇਹ ਦੁਬਿਧਾ ਤਾਂ ਹੀ ਦੂਰ ਹੋ ਸਕਦੀ ਹੈ, ਜਦੋਂ ਅਸੀ ਪੂਰੀ "ਸਬੁਧਿ ਬਾਚ॥ ਚੌਪਈ॥" ਦੇ ਅਰਥਾਂ ਨੂੰ ਸਮਝੀਏ ।

ਨੋਟ: ਇਥੇ 29 ਪੰਨਿਆ ਵਿੱਚ ਲਿਖੀਆਂ 405 ਪੌੜ੍ਹੀਆਂ ਦਾ ਅਨੁਵਾਦ ਕਰਨਾਂ ਇਸ ਲੇਖ ਲੜੀ ਵਿਚ ਮੁਮਕਿਨ ਨਹੀਂ ਹੈ, ਕਿਉਂਕਿ ਇਹ ਇਕ ਪੂਰੀ ਪੋਥੀ ਬਣ ਜਾਏਗੀ। ਇਸ ਲਈ ਕੁਝ ਪੌੜ੍ਹੀਆਂ ਅਤੇ ਪੰਗਤੀਆਂ ਦੇ ਭਾਵ ਅਰਥ ਹੀ ਇਸ ਲੇਖ ਲੜੀ ਵਿੱਚ ਕੀਤੇ ਜਾਣਗੇ। ਇਹ ਭਾਵ ਅਰਥ ਕਰਨ ਦਾ ਇਕੋ ਇਕ ਮਕਸਦ ਹੈ ਕਿ ਪਾਠਕ ਇਹ ਨਿਰਣਾਂ ਕਰ ਸਕਨ ਕਿ ਅਸਿਧੁਜ,ਖੜਗਕੇਤੁ, ਅਸਿਕੇਤੁ, ਕਾਲ, ਕਾਲਕਾ ਅਦਿਕ ਦੇਵੀ ਦੇਵਤਿਆਂ ਲਈ ਵਰਤੇ ਸ਼ਬਦ ਹਨ, ਨਾ ਕੇ ਅਕਾਲ ਪੁਰਖ ਲਈ ਵਰਤੇ ਗਏ ਸ਼ਬਦ ਹਨ।

ਸਤਿਸੰਧਿ ਦੇਵਤੇ ਦਾ ਦੀਰਘ ਦਾੜ੍ਹ ਦੈਂਤ ਨਾਲ ਯੁਧ :

ਸਬੁਧਿ ਬਾਚ ॥ਚੌਪਈ ॥ਸਤਿ ਸੰਧਿ ਇਕ ਭੂਪ ਭਨਿਜੈ ॥ ਪ੍ਰਥਮੇ ਸਤਿਜੁਗ ਬੀਚ ਕਹਿਜੈ ॥ ਜਿਹ ਜਸ ਪੁਰੀ ਚੌਦਹੂੰ ਛਾਯੋ ॥ ਨਾਰਦ ਰਿਖਿ ਤਬ ਰਾਇ ਮੰਗਾਯੋ ॥੧॥ਸਭ ਦੇਵਨ ਕੋ ਰਾਜਾ ਭਯੋ ॥ ਬ੍ਰਹਮਾ ਤਿਲਕ ਆਪੁ ਤਿਹ ਦਯੋ ॥ ਨਿਹਕੰਟਕ ਸੁਰ ਕਟਕ ਕਿਯਾ ਸਬ ॥ ਦਾਨਵ ਮਾਰ ਨਿਕਾਰ ਦਏ ਜਬ ॥੨॥ਇਹ ਬਿਧਿ ਰਾਜ ਬਰਖ ਬਹੁ ਕਿਯਾ ॥ ਦੀਰਘ ਦਾੜ ਦੈਤ ਭਵ ਲਿਯਾ ॥ ਦਸ ਸਹਸ ਛੂਹਨਿ ਦਲ ਲੈ ਕੈ ॥ ਚੜਿ ਆਯੋ ਤਿਹ ਊਪਰ ਤੈ ਕੈ ॥੩॥ਸਭ ਦੇਵਨ ਐਸੇ ਸੁਨਿ ਪਾਯੋ ॥ ਦੀਰਘ ਦਾੜ ਦੈਤ ਚੜਿ ਆਯੋ ॥ ਬੀਸ ਸਹਸ ਛੋਹਨਿ ਦਲ ਲਿਯੋ ॥ ਵਾ ਸੌ ਜਾਇ ਸਮਾਗਮ ਕਿਯੋ ॥੪॥ਸੂਰਜ ਕਹ ਸੈਨਾਪਤਿ ਕੀਨਾ ॥ ਦਹਿਨੇ ਓਰ ਚੰਦ੍ਰ ਕਹ ਦੀਨਾ ॥ ਬਾਈ ਓਰ ਕਾਰਤਿਕੇ ਧਰਾ ॥ ਜਿਹ ਪੌਰਖ ਕਿਨਹੂੰ ਨਹਿ ਹਰਾ ॥੫॥ ਪੰਨਾ 1369 ਅਖੌਤੀ ਦਸਮ ਗ੍ਰੰਥ

ਭਾਵ ਅਰਥ: ਸਬੁਧਿ ਬਾਚ ॥ ਚੌਪਈ॥ ਸੱਤਿਸੰਧਿ ਨਾਮ ਦਾ ਇਕ ਰਾਜਾ ਸੀ॥ ਸਤਿਯੁਗ ਦੀ ਸ਼ੁਰੂਆਤ ਵਿਚ ਉਹ ਹੋਇਆ ਸੀ ॥ ਉਸਦਾ ਯਸ਼ ਚੌਦਹ ਪੁਰੀਆਂ ਵਿੱਚ ਪ੍ਰਸਿਧ ਹੋਇਆ । ਰਾਜੇ ਨੇ ਫਿਰ ਨਾਰਦ ਰਿਖੀ ਨੂੰ ਬੁਲਾਇਆ ॥1॥ ਉਹ ਸਾਰੇ ਦੇਵਤਿਆਂ ਦਾ ਰਾਜਾ ਹੋਇਆ ਹੈ॥ ਬ੍ਰਹਮਾਂ ਨੇ ਆਪ ਉਸ ਨੂੰ ਤਿਲਕ ਲਗਾਇਆ। ਇਸਨੇ ਬਹੁਤ ਹੀ ਥਿਰ ਰਾਜ ਕੀਤਾ ॥ (ਅਤੇ) ਸਾਰੇ ਦੈਂਤਾਂ ਨੂੰ ਅਪਣੇ ਰਾਜ ਵਿੱਚ ਮਾਰ ਕੇ ਕੱਢ ਦਿਤਾ ॥2॥ ਇਸ ਤਰ੍ਹਾਂ ਉਸਨੇ ਬਹੁਤ ਵਰ੍ਹਿਆਂ ਤਕ ਰਾਜ ਕੀਤਾ ॥ (ਤਦ ਹੀ ) ਦੀਰਘ ਦਾੜ੍ਹ (ਲੰਮੀਆਂ ਦਾੜ੍ਹਾਂ ਵਾਲਾ ) ਨਾਮ ਦੇ ਦੈਂਤ ਨੇ ਜਨਮ ਲਿਆ। ਦਸ ਹਜਾਰ ਘੁੜਸਵਾਰਾਂ ਦਾ ਦਲ ਲੈਕੇ ॥ ਉਸਨੇ ਚੜ੍ਹਾਈ ਕਰ ਦਿੱਤੀ॥3॥ ਸਾਰੇ ਦੇਵਤਿਆਂ ਨੇ (ਜਦ ) ਐਸਾ ਸੁਣਿਆਂ ॥ (ਕਿ) ਦੀਰਘ ਦਾੜ੍ਹ ਦੈਂਤ ਨੇ ਚੜ੍ਹਾਈ ਕਰ ਦਿਤੀ ਹੈ ॥ ਵੀਹ ਹਜਾਰ ਸੈਨਿਕ ਲੈ ਕੇ॥ ਜਾ ਕੇ ਉਸ ਨਾਲ ਮੁਕਾਬਲਾ ਕੀਤਾ ॥4॥ ਸੂਰਜ ਨੂੰ ਸੇਨਾਪਤੀ ਬਣਾ ਲਿਆ ॥ ਸੱਜੇ ਪਾਸੇ ਚੰਦ੍ਰਮਾਂ ਨੂੰ ਲਾ ਦਿਤਾ। ਖੱਬੇ ਪਾਸੇ ਕਾਰਤਿਕੈ ਨੂੰ ਕਰ ਲਿਆ॥ ਜਿਸ ਦੇ ਪੁਰਖਤੱਵ ਨੂੰ (ਅਜ ਤਕ ) ਕਿਸੇ ਨੇ ਨਹੀਂ ਸੀ ਜਿਤਿਆ ॥5॥

(ਸੂਰਜ ਅਤੇ ਚੰਦ੍ਰਮਾਂ ਨੂੰ ਇਥੇ ਦੇਵਤਾ ਦਸਿਆ ਗਇਆ ਹੈ। ਸ਼ਾਇਦ ਇਸ ਰਚਨਾਂ ਦੇ ਲਿਖਾਰੀ ਨੂੰ ਇਹ ਨਹੀਂ ਪਤਾ ਕਿ ਸੂਰਜ ਅਤੇ ਚੰਦ੍ਰਮਾਂ ਬ੍ਰਹਮਾਂਡ ਦੇ ਗ੍ਰਿਹ ਹਨ, ਨਾ ਕਿ ਦੇਵਤਾ। ਇਹ ਲੜ ਵੀ ਸਕਦੇ ਹਨ, ਇਸ ਤੋਂ ਪਹਿਲਾਂ ਦਾਸ ਨੂੰ ਪਤਾ ਨਹੀਂ ਸੀ। ਸੂਰਜ ਸੇਨਾਪਤੀ ਵੀ ਬਣ ਸਕਦਾ ਹੈ, ਇਹ ਵੀ ਮੈਨੂੰ ਪਤਾ ਨਹੀਂ ਸੀ।)

ਕਾਲਕਾ, ਦੇਵੀ ਦਾ ਪ੍ਰਗਟ ਹੋਣਾਂ ਅਤੇ ਜਗਮਾਤਾ ਭਵਾਨੀ ਦੀ ਕਿਰਪਾ ਹੋਣੀ॥

ਚਾਰਹੁ ਦਿਸਾ ਫਿਰੀ ਜਬ ਬਾਲਾ ॥ ਜਾਨੋ ਨਾਗ ਰੂਪ ਕੀ ਮਾਲਾ ॥ ਐਸ ਨ ਕਤਹੂੰ ਪੁਰਖ ਨਿਹਾਰਾ ॥ ਨਾਥ ਕਰੈ ਜਿਹ ਆਪੁ ਸੁਧਾਰਾ ॥੩੦॥
ਫਿਰ ਜਿਯ ਮੈ ਇਹ ਭਾਤਿ ਬਿਚਾਰੀ ॥ ਬਰੌ ਜਗਤ ਕੇ ਪਤਿਹਿ ਸੁਧਾਰੀ ॥ ਤਾ ਤੇ ਕਰੌ ਦੀਨ ਹ੍ਵੈ ਸੇਵਾ ॥ ਹੋਇ ਪ੍ਰਸੰਨ ਕਾਲਿਕਾ ਦੇਵਾ ॥੩੧॥.............
ਜਬ ਅਸ ਬਰ ਤਿਹ ਦਿਯੋ ਭਵਾਨੀ ॥ ਪ੍ਰਫੁਲਿਤ ਭਈ ਜਗਤ ਕੀ ਰਾਨੀ ॥ ਅਤਿ ਪਵਿਤ੍ਰ ਨਿਸਿ ਹ੍ਵੈ ਛਿਤ ਸੋਈ ॥ ਜਿਹ ਠਾ ਔਰ ਨ ਦੂਸਰ ਕੋਈ ॥੩੪॥

ਚਹੁਆ ਪਾਸੇ ਜੋ ਉਹ ਇਸਤਰੀ ਘੁੰਮੀ॥ (ਇਸ ਤਰ੍ਹਾਂ ਲਗਾ ਜਿਵੇ) ਕਿਸੇ ਨਾਗਿਨ ਦੀ ਮਾਲਾ ਬਣੀ ਹੋਵੇ॥ ਐਸਾ ਰੂਪ ਕਦੀ ਕਿਸੇ ਨੇ ਨਹੀਂ ਵੇਖਿਆ ਹੋਣਾਂ॥ਜਿਵੇ ਨਾਥ (ਵਿਧਾਤਾ )ਨੇ ਉਸਨੂੰ ਆਪ ਬਨਾਇਆ ਹੋਵੇ ॥30॥ (ਕਵੀ ਕਹਿੰਦਾ ਹੈ ਕਿ ) ਫਿਰ ਮੰਨ ਵਿਚ ਐਸਾ ਵਿਚਾਰ ਆਇਆ ॥ (ਕਿ) ਇਸ ਵੱਡੇ ਸੰਸਾਰ ਦੀ ਇਜੱਤ ਤੂੰ ਰਖ ਲਈ ਹੈ॥ ਇਹ ਗਰੀਬਾਂ ਦੀ ਸੇਵਾ ਦਾ ਫਲ ਹੈ ॥ ( ਕਿ) ਕਾਲਕਾ ਦੇਵੀ (ਦੁਰਗਾ ਦੇਵੀ ) ਪ੍ਰਸਨ ਹੋ ਕੇ (ਪ੍ਰਗਟ) ਹੋਈ ਹੈ ॥31॥................. ਜਦੋਂ ਐਸਾ ਵਰ ਉਸਨੂੰ ਭਵਾਨੀ (ਦੁਰਗਾ ਦੇਵੀ) ਨੇ ਦਿਤਾ॥ ਸਾਰੇ ਜਗਤ ਦੀ ਰਾਨੀ ਪ੍ਰਸੰਨ ਹੋ ਗਈ॥ ਉਸ ਦਾ ਛਵਿ (ਰੂਪ) ਅਤਿ ਦੀ ਪਵਿਤ੍ਰ ਹੈ॥ (ਇਸ ਸੰਸਰ ਵਿਚ) ਉਸ ਜਹਿਆ ਦੂਜਾ ਕੋਈ ਵੀ ਨਹੀਂ ਹੇ॥34॥

(ਵੈਸੇ ਤਾਂ ਇਸ ਸਾਰੇ ਗ੍ਰੰਥ ਵਿੱਚ "ਦੇਵੀ ਜੂ ਕੀ ਉਸਤਤਿ" ਦੇ ਸਿਰਲੇਖ ਹੇਠ ਦੇਵੀ ਪੂਜਕ ਕਵੀ ਦਾ ਦੁਰਗਾ ਦੇਵੀ ਦੇ ਪ੍ਰਤੀ ਪ੍ਰੇਮ ਥਾਂ ਥਾਂ 'ਤੇ ਮਿਲਦਾ ਹੈ । ਇਸ ਗ੍ਰੰਥ ਵਿੱਚ ਬਹੁਤੀਆਂ ਰਚਨਾਵਾਂ ਦੀ ਸ਼ੁਰੂਵਾਤ ਇਹ "ਭਗਉਤੀ ਜੀ ਸਹਾਇ॥" ਕਹਿ ਕੇ ਹੀ ਸ਼ੁਰੂ ਕਰਦਾ ਹੈ। ਲੇਕਿਨ ਇਸ "ਚੌਪਈ" ਵਿੱਚ ਵੀ ਇਹ ਦੇਵੀ ਉਸਤਤਿ ਕਰਨਾਂ ਨਹੀਂ ਭੁਲਦਾ। ਇਥੇ ਵੀ ਕਵੀ ਨੇ ਉਸ ਦੇਵੀ ਨੂੰ ਸਾਰੇ "ਜਗਤ ਦੀ ਰਾਨੀ" ਕਹਿ ਕੇ ਉਸ ਦੀ ਉਪਮਾਂ ਕੀਤੀ ਹੈ। ਜਦ ਕੇ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਦੇ ਸਿਧਾਂਤ 'ਤੇ ਇਹ "ਦੇਵੀ ਪੂਜਾ" ਅਤੇ ਦੇਵੀ ਨੂੰ "ਸਾਰੇ ਜਗਤ ਦੀ ਰਾਨੀ" ਕਹਿਣਾ ਖਰਾ ਨਹੀਂ ਉਤਰਦਾ)

ਬਾਕੀ ਅਗਲੇ ਭਾਗ ਵਿੱਚ...

*ਚਲਦਾ...*

Khalsa News 27th of april, 2014

http://www.khalsanews.org/newspics/2014/04%20Apr%2014/27%20Apr%2014/27%20Apr%2014%20Chaupai%20part%202%20-%20IS%20Kanpur.htm

## "ਕਬਿਉ ਬਾਚ ਬੇਨਤੀ ਚੌਪਈ" ਦਾ ਮੂਲ ਸ੍ਰੋਤ ਅਤੇ ਭਾਵ ਅਰਥ - ਭਾਗ ਆਖਰੀ

-: *ਇੰਦਰਜੀਤ ਸਿੰਘ, ਕਾਨਪੁਰ*

ਪਿਛਲੇ ਭਾਗ ਵਿੱਚ ਅਸੀਂ ਇਹ ਜਿਕਰ ਕਰ ਰਹੇ ਸੀ ਕਿ ਚੌਪਈ ਵਿਚ ਦੇਵੀ ਦੇਵਤਿਆਂ ਅਤੇ ਰਾਜਿਆ ਦਾ ਦੈਂਤਾਂ ਨਾਲ ਯੁਧਾਂ ਦਾ ਵਰਨਣ ਹੈ। ਨਾਲ ਹੀ ਨਾਲ ਕਵੀ ਦੇਵੀ ਦੀ ਉਸਤਤਿ ਵੀ ਕਰ ਰਿਹਾ ਹੈ। ਦਾਸ ਇਹ ਪਹਿਲਾਂ ਹੀ ਲਿਖ ਚੁਕਾ ਹੈ ਕਿ 29 ਪੰਨਿਆਂ ਅਤੇ 405 ਪੌੜੀਆਂ ਵਾਲੀ ਇਸ ਪੂਰੀ ਚੌਪਈ ਦੇ ਅਰਥ ਇਥੇ ਲਿਖਨਾਂ ਮੁਮਕਿਨ ਨਹੀਂ ਹੈ। ਕਿਉਂਕਿ ਇਹ ਲੇਖ ਲੜੀ ਬਹੁਤ ਹੀ ਲੰਬੀ ਹੋ ਜਾਵੇਗੀ ਇਸ ਕਰਕੇ ਆਉ ! ਵਿੱਚ ਵਿੱਚ ਕੁੱਝ ਬੰਦਾਂ ਦੇ ਅਰਥ ਭਾਵ ਸਮਜ ਕੇ ਅਗੇ ਵਧਦੇ ਰਹੀਏ।

ਕਾਲਕਾ (ਦੁਰਗਾ) ਦੇਵੀ ਦੇ ਧਿਯਾਨ ਕਰਨ ਨਾਲ ਕਾਲ ਭਗਵਾਨ ਦੇ ਦਰਸ਼ਨ ਹੋਏ।

ਚਿਤ ਮੋ ਕਿਯਾ ਕਾਲਕਾ ਧਜਾਨਾ ॥ ਦਰਸਨ ਦਿਯਾ ਆਨਿ ਭਗਵਾਨਾ ॥ ਕਰਿ ਪ੍ਰਨਾਮ ਚਰਨਨ ਉਠਿ ਪਰੀ ॥ ਬਿਨਤੀ ਭਾਤਿ ਅਨਿਕ ਤਨ ਕਰੀ ॥੫੨॥
ਸਤਿ ਕਾਲ ਮੈ ਦਾਸ ਤਿਹਾਰੀ ॥ ਅਪਨੀ ਜਾਨਿ ਕਰੋ ਪ੍ਰਤਿਪਾਰੀ ॥ ਗੁਨ ਅਵਗੁਨ ਮੁਰ ਕਛੁ ਨ ਨਿਹਾਰਹੁ ॥ ਬਾਹਿ ਗਹੇ ਕੀ ਲਾਜ ਬਿਚਾਰਹੁ ॥੫੩॥......................ਹੜ ਹੜ ਸੁਨਤ ਕਾਲ ਬਚ ਹਸਾ ॥ ਭਗਤ ਹੇਤ ਕਟਿ ਸੌ ਅਸਿ ਕਸਾ ॥ ਚਿੰਤ ਨ ਕਰਿ ਮੈ ਅਸੁਰ ਸੰਘਰਿ ਹੌ ॥ ਸਕਲ ਸੋਕ ਭਗਤਨ ਕੋ ਹਰਿ ਹੌ ॥੫੬॥
ਅਮਿਤ ਅਸੁਰ ਉਪਜੇ ਥੇ ਜਹਾ ॥ ਪ੍ਰਾਪਤਿ ਭਯੋ ਕਾਲ ਚਲਿ ਤਹਾ ॥ ਚਹੂੰ ਕਰਨ ਕਰਿ ਸਸਤ੍ਰ ਪ੍ਰਹਾਰੇ ॥ ਦੈਤ

ਅਨੇਕ ਮਾਰ ਹੀ ਡਾਰੇ ॥੫੭॥

ਅਰਥ ਭਾਵ: ਮਨ ਵਿੱਚ ਦੁਰਗਾ ਦੇਵੀ ਨੇ ਧਿਆਨ ਕੀਤਾ ॥ ਭਗਵਾਨ (ਕਾਲ) ਨੇ ਆਕੇ ਦਰਸ਼ਨ ਦਿੱਤੇ ॥ (ਉਸਨੇ) ਉਠ ਕੇ ਚਰਣਾਂ ਤੇ ਪ੍ਰਣਾਮ ਕੀਤਾ ॥ ਭਾਂਤਿ ਭਾਂਤਿ ਦੀਆਂ ਉਸ ਅਗੇ ਬਹੁਤ ਬਿਨਤੀਆਂ ਕੀਤੀਆਂ॥52॥ ਮੈਨੂੰ ਅਪਣਾਂ ਜਾਨ ਕੇ ਮੇਰੀ ਪਾਲਨਾਂ ਕਰੋ॥ ਮੇਰਾ ਗੁਨ ਅਤੇ ਅਵਗੁਨ ਕੁਝ ਵੀ ਨਾ ਚਿੱਤ ਵਿਚ ਲਿਆਉ॥ ਨਿਖੇਧੇ ਹੋਏ ਦੀ ਲਾਜ ਬਚਾਉ॥53॥............ਕਾਲ ਦੇਵਤਾ (ਇਹ ਸੁਣ ਕੇ ) ਹੜਹੜਾ ਕੇ ਹੱਸਿਆ॥ ਭਗਤਾਂ ਲਈ ਮੈਂ (ਹਮੇਸ਼ਾਂ) ਕਮਰ ਕਸੀ ਰਖਦਾ ਹਾਂ॥ ਤੂੰ ਚਿੰਤਾ ਨਾਂ ਕਰ ਅਸੁਰਾਂ (ਦੈਂਤਾਂ) ਨੂੰ ਮੈਂ ਮਾਰਾਂਗਾ ॥ ਭਗਤਾਂ ਦੇ ਸਾਰੇ ਦੁਖ ਮੈਂ ਦੂਰ ਕਰਾਂਗਾ ॥ਜਿਥੇ ਅਸੁਰ ਪੈਦਾ ਹੋਏ ਹਨ॥ ਉਸ ਥਾਂ ਤੇ ਕਾਲ ਗਇਆ ॥ ਚਹੁਆਂ ਪਾਸੇ ਸ਼ਸ਼ਤ੍ਰ ਚਲਾ ਕੇ॥ ਅਨੇਕਾਂ ਦੈਂਤਾਂ ਨੂੰ ਮਾਰ ਛਡਿਆ॥57॥

ਨੋਟ: ਇਥੇ ਸਪਸ਼ਟ ਹੈ ਕਿ ਕਾਲ ਦੇਹਧਾਰੀ, ਸਥੂਲ ਸ਼ਰੀਰ ਵਾਲਾ ਦੇਵਤਾ ਹੈ ,ਜੋ ਹੱਥ ਵਿਚ ਖੜਗ ਫੜ ਕੇ ਚਲਾਉਦਾ ਹੈ। ਇਹ ਭਗਵਾਨ ਉਹ ਨਿਰੰਕਾਰ ਕਰਤਾਰ ਨਹੀਂ ਹੈ ਜਸਨੂੰ ਅਸੀ ੧ਓ ਸਤਿਗੁਰ ਪ੍ਰਸਾਦਿ॥ ਕਹਿੰਦੇ ਹਾਂ।

ਬ੍ਰਹਮਾਂ ਅਤੇ ਵਿਸ਼ਨੂੰ ਵੀ ਡਰ ਕੇ ਮਹਾ ਕਾਲ ਦੇਵਤੇ ਦੀ ਸ਼ਰਣ ਵਿੱਚ ਪੁਜੇ।

ਕੜਾ ਕੜੀ ਮਾਚਾ ਘਮਸਾਨਾ ॥ ਨਿਰਖਤ ਦੇਵ ਦੈਤ ਜਾ ਨਾਨਾ ॥ ਮਹਾ ਘੋਰ ਆਹਵ ਤਹ ਪਰਾ ॥ ਕਾਪੀ ਭੂਮਿ ਗਗਨ ਥਰਹਰਾ ॥੮੧॥

ਨਿਰਖਿ ਜੁਧ ਕਾਪਾ ਕਮਲੇਸਾ ॥ ਤਾ ਤੇ ਧਰਾ ਨਾਰਿ ਕਾ ਭੇਸਾ ॥ ਪਰਬਤੀਸ ਲਖਿ ਡਰਾ ਲਰਾਈ ॥ ਬਾਸਾ

ਬਨ ਬਿਖੈ ਅਤਿਥ ਕਹਾਈ ॥੮੨॥

.....................ਡਗਮਗ ਲੋਕ ਚਤੁਰ ਦਸ ਭਏ ॥ ਅਸੁਰਨ ਸਾਥ ਸਕਲ ਭਰਿ ਗਏ ॥ ਬ੍ਰਹਮਾ ਬਿਸਨ ਸਭੈ ਡਰ ਪਾਨੇ ॥ ਮਹਾ ਕਾਲ ਕੀ ਸਰਨਿ ਸਿਧਾਨੇ ॥੮੯॥ ਇਹ ਬਿਧਿ ਸਭੈ ਪੁਕਾਰਤ ਭਏ॥ ਜਨੁ ਕਰ ਲੂਟਿ ਬਨਿਕ ਸੇ ਲਏ ॥ ਤ੍ਰਾਹਿ ਤ੍ਰਾਹਿ ਹਮ ਸਰਨ ਤਿਹਾਰੀ ॥ ਸਭ ਭੈ ਤੇ ਹਮ ਲੇਹੁ ਉਬਾਰੀ ॥੯੦॥



ਕਾਲਕਾ / ਦੁਰਗਾ / ਕਾਲੀ / ਭਗੌਤੀ    ਸ੍ਰੀ ਅਸਿਕੇਤ / ਕੇਤੂ / ਖੜਗਕੇਤੁ    ਕਾਲ/ ਮਹਾਕਾਲ / ਭੈਰਉ / ਸ਼ਿਵ / ਮਹਾਦੇਵ

ਅਰਥ ਭਾਵ: ਕੜ ਕੜ (ਦੀ ਅਵਾਜ ਨਾਲ) ਘਮਸਾਨ ਮੱਚ ਗਇਆ ॥ ਦੇਵਤੇ ਅਤੇ ਦੈਂਤ ਇਸ ਨੂੰ (ਬਹੁਤ ਧਿਆਨ ਨਾਲ) ਵੇਖ ਰਹੇ ਸਨ॥ ਘੋਰ ਯੁਧ ਜਦ ਹੋਣ ਲੱਗਾ॥ ਧਰਤੀ ਕੰਬਣ ਲਗੀ ਅਤੇ ਅੰਬਰ ਥਰ ਥਰ ਕਰਨ ਲੱਗਾ॥81॥ ਇਹ ਯੁਧ ਵੇਖ ਕੇ ਬ੍ਰਹਮਾਂ ਵੀ ਕੰਬਣ ਲਗਾ॥ (ਫਿਰ ਕਾਲ ਦੇਵਤੇ ਨੇ) ਇਸਤਰੀ ਦਾ ਰੂਪ (ਦੇਵੀ ਦਾ ਰੂਪ ) ਧਾਰਿ ਲਿਆ॥ ਲੜਾਈ ਵੇਖ ਕੇ ਪਰਬਤਾਂ ਦਾ ਰਾਜਾ ਵੀ ਡਰ ਗਇਆ॥ (ਉਹ) ਭਜ ਕੇ ਜੰਗਲਾਂ ਵਿੱਚ ਛੁੱਪ ਗਇਆ॥ 82 ॥.....................ਲੋਕੀ ਡਰ ਕੇ ਚਹੁਆਂ ਦਿਸ਼ਾਵਾਂ ਵਲ ਭਜਣ ਲਗੇ॥ ਸਾਰੇ ਦੈਂਤ ਇਕੱਠੇ ਹੋਣ ਲਗੇ॥ ਬ੍ਰਹਮਾਂ ਅਤੇ ਵਿਸਨੂੰ ਵੀ ਡਰ ਗਏ॥ (ਇਹ) ਮਹਾਕਾਲ ( ਦੇਵਤੇ) ਦੀ ਸਰਨ ਵਿਚ ਪੁੱਜੇ॥89॥ ਇਸ ਤਰੀਕੇ ਨਾਲ ਉਹ ਪੁਕਾਰ ਰਹੇ ਸਨ॥ ਸਾਰੇ ਲੁਟ ਪੁਟ ਕੇ ਜੰਗਲ ਵਿੱਚ ਆ ਵਸੇ ਹਾਂ ॥ ਅਸੀਂ ਤ੍ਰਬਕ ਤ੍ਰਬਕ ਕੇ ਤੇਰੀ ਸ਼ਰਨ ਵਿੱਚ ਆਏ ਹਾਂ ( ਹੇ ਮਹਾਕਾਲ ) ॥ ਸਾਰਿਆਂ ਨੂੰ (ਤੁਸੀਂ) ਇਸ ਤ੍ਰਾਸ ਤੋਂ (ਆਪ) ਬਚਾਉ॥90॥

ਅਸਿਧੁਜ / ਮਹਾਕਾਲ ਦੇਵਤਾ ਕਾਫੀ ਕ੍ਰੋਧ ਵਿੱਚ ਆ ਗਇਆ।

ਅਸਿਧੁਜ ਅਧਿਕ ਕੋਪ ਕਰਿ ਧਾਯੋ ॥ ਬੈਰਿ ਬ੍ਰਿੰਦ ਦਲ ਪ੍ਰਗਟ ਖਪਾਯੋ ॥ ਸਾਧੁਨ ਕੀ ਰਛਾ ਕਰਿ ਲੀਨੀ ॥ ਸਤ੍ਰੁ ਸੈਨ ਤਿਲ ਤਿਲ ਖੈ ਕੀਨੀ ॥੧੦੪॥
ਤਿਲ ਤਿਲ ਏਕ ਏਕ ਕਰਿ ਡਾਰਾ ॥ ਗਜੀ ਰਥੀ ਬਾਜਿਯਨ ਬਿਦਾਰਾ ॥ ਤਿਹ ਤੇ ਅਮਿਤ ਅਸੁਰ ਉਠਿ ਧਏ ॥ ਘੇਰਤ ਮਹਾਕਾਲ ਕਹ ਭਏ ॥੧੦੫॥

ਅਰਥ ਭਾਵ: ਅਸਿਧੁਜ ਦੇਵਤਾ ਬਹੁਤ ਅਦਿਕ ਕ੍ਰੋਧ ਵਿਚ ਆ ਗਇਆ॥ (ਉਸਨੇ) ਵੈਰੀਆਂ ਦੇ ਦਲਾਂ ਨੂੰ ਪਕੜ ਪਕੜ ਕੇ ਮਾਰਿਆ॥ (ਇਸ ਤਰ੍ਹਾਂ ਉਸਨੇ) ਸਾਧੂਆਂ (ਸੰਤਾ) ਦੀ ਰਖਿਆ ਕਰ ਲਈ॥ ਸਤ੍ਰ ਸੈਨ ਨੂੰ ਕੋਹ ਕੋਹ ਕਰਕੇ ਮਾਰਿਆ॥104॥ ਇਕ ਇਕ ਨੂੰ ਕੋਹ ਕੋਹ ਕੇ ਮਾਰਿਆ॥ ਇਸ ਤਰ੍ਹਾਂ ਸਾਰੇ ਅਸੁਰ ਉਥੋ ਭੱਜ ਖਲੋਤੇ॥ ਮਹਾਕਾਲ ਕਹਿੰਦਿਆਂ ਸਾਰਿਆ ਨੂੰ ਘੇਰ ਲਿਆ॥105॥

## ਅਸਿਧੁਜ /ਖੜਗਕੇਤੁ ਦੇਵਤੇ ਦੇ ਯੁੱਧ ਦਾ ਬ੍ਰਿਤਾਂਤ

ਲਸਿਟਕਾ ਸਤ੍ਰ ਅਸਿਧੁਜ ਤਬ ਛੋਰਾ ॥ ਸਭ ਹੀ ਡਾਂਕ ਅਠੂਹਨ ਤੋਰਾ ॥੨੬੦॥
ਸਸਤ੍ਰ ਅਸਤ੍ਰ ਅਸ ਅਸੁਰ ਚਲਾਏ ॥ ਖੜਗ ਕੇਤੁ ਪਰ ਕਛੁ ਨ ਬਸਾਏ ॥ ਅਸਤ੍ਰਨ ਸਾਥ ਅਸਤ੍ਰ ਬਹੁ ਛਏ ॥ ਜਾ ਕੌ ਲਗੇ ਲੀਨ ਤੇ ਭਏ ॥੨੬੧॥
ਲੀਨ ਹ੍ਵੈ ਗਏ ਅਸਤ੍ਰ ਨਿਹਾਰੇ ॥ ਹਾਇ ਹਾਇ ਕਰਿ ਅਸੁਰ ਪੁਕਾਰੇ ॥ ਮਹਾ ਮੂਢ ਫਿਰਿ ਕੋਪ ਬਢਾਈ ॥ ਪੁਨਿ ਅਸਿਧੁਜ ਤਨ ਕਰੀ ਲਰਾਈ ॥੨੬੨॥
ਇਹ ਬਿਧਿ ਭਯੋ ਘੋਰ ਸੰਗ੍ਰਾਮਾ ॥ ਨਿਰਖਤ ਦੇਵ ਦਾਨਵੀ ਬਾਮਾ ॥ ਧੰਨਜ ਧੰਨਜ ਅਸਿਧੁਜ ਕੌ ਕਹੈ ॥ ਦਾਨਵ ਹੇਰਿ ਮੋਨ ਹ੍ਵੈ ਰਹੈ ॥੨੬੩॥

ਅਰਥ ਭਾਵ: ਅਸਿਧੁਜ ਦੇਵਤੇ ਨੇ ਜਦੋਂ "ਲਸਿਟਕਾ" ਨਾਮ ਦਾ ਸ਼ਸ਼ਤ੍ਰ ਚਲਾਇਆ॥ ਸਾਰਿਆਂ ਨੇ ਘੇਰਾ ਤੋੜ ਦਿਤਾ ॥260॥ ਅਸੁਰਾਂ ਨੇ ਵੀ ਅਸ਼ਤ੍ਰ ਅਤੇ ਸ਼ਸ਼ਤ੍ਰ ਬਹੁਤ ਚਲਾਏ॥(ਲੇਕਿਨ) ਖੜਗਕੇਤੁ ਨੂੰ ਇਕ ਵੀ ਨਾਂ ਲੱਗ ਸਕਿਆ ॥ ਸ਼ਸ਼ਤ੍ਰਾਂ ਨਾਲ ਸ਼ਸ਼ਤ੍ਰ ਟਕਰਾਨ ਲੱਗੇ ॥ ਜਿਸ ਨੂੰ ਲਗੇ ਉਹ (ਮੌਤ ਵਿੱਚ) ਲੀਨ ਹੋ ਗਏ ॥ ਸ਼ਸ਼ਤ੍ਰਾਂ ਨੂੰ ਵੇਖਦਿਆ ਹੀ ਉਹ ਮੌਤ ਵਿੱਚ ਲੀਨ ਹੋ ਗਏ॥ ਅਸੁਰ ਹਾਏ ਹਾਏ ਦੀ ਅਵਾਜ ਕਰਨ ਲਗੇ॥ਮਹਾ ਮੂੰਡ ਨੂੰ ਫਿਰ ਗੁਸਾ ਆ ਗਇਆ॥ ਅਸਿਧੁਜ ਨਾਲ ਮੁੜ ਲੜਾਈ ਸੁਰੂ ਕਰ ਦਿੱਤੀ॥262॥ ਇਸ ਤਰ੍ਹਾਂ ਘੋਰ ਯੁੱਧ ਹੋਇਆ॥ ਇਹ ਸਭ ਦੇਵਤਿਆਂ ਅਤੇ ਦੈਂਤਾਂ ਦੀਆਂ ਇਸਤਰੀਆਂ ਨੇ ਵੀ ਵੇਖਿਆ॥ ਸਾਰੇ ਅਸਿਧੁਜ ਦੇਵਤੇ ਨੂੰ ਧੰਨ ਧੰਨ ਕਹਿ ਰਹੇ ਸੀ॥ ਦੈਂਤ ਸਿਰਫ (ਇਕ ਟਕ) ਮੌਨ ਹੋ ਕੇ ਵੇਖਦੇ ਰਹੇ॥ 263॥

ਨੋਟ: ਇਥੇ ਇਨ੍ਹਾਂ ਪ੍ਰਮਾਣਾ ਨਾਲ ਪੂਰਣ ਤੌਰ ਤੇ ਇਹ ਸਪਸਟ ਹੋ ਜਾਂਦਾ ਹੈ ਕਿ ਇਥੇ ਸ੍ਰੀ ਅਸਿਧੁਜ, ਖੜਗਕੇਤੁ ਅਤੇ ਮਹਾਕਾਲ ਦੇਹਧਾਰੀ ਦੇਵਤੇ ਹਨ ,ਨਾਂ ਕਿ ਨਿਰੰਕਾਰ ਅਕਾਲਪੁਰਖ ਲਈ ਵਰਤੇ ਗਏ ਸ਼ਬਦ ਹਨ। ਇਹ ਦੇਹਧਾਰੀ ਦੇਵਤੇ ਖੜਗ ਵੀ ਚਲਾਉਦੇ ਹਨ ਅਤੇ ਯੁਧ ਵੀ ਲੜਦੇ ਹਨ।ਇਨ੍ਹਾਂ ਦੇਵਤਿਆ ਦਾ ਹੀ ਵਰਨਣ ਅਗੇ "ਕਬਿਉ ਬਾਚ ਬੇਨਤੀ ਚੌਪਈ" ਵਿੱਚ ਵੀ ਮਿਲਦਾ ਹੈ।

ਕਵੀ ਦੀ ਉਚਾਰੀ ਅਰਦਾਸ (ਬੇਨਤੀ) ਇਸਦੇ ਅੱਗੇ ਹੈ ?

॥ਕਬਯੋ ਬਾਚ ਬੇਨਤੀ ॥ ਹਮਰੀ ਕਰੋ ਹਾਥ ਦੈ ਰੱਛਾ ॥ ਪੂਰਨ ਹੋਇ ਚਿੱਤ ਕੀ ਇੱਛਾ ॥ਤਵ ਚਰਨਨ ਮਨ ਰਹੈ ਹਮਾਰਾ ॥ ਅਪਨਾ ਜਾਨ ਕਰੋ ਪ੍ਰਤਿਪਾਰਾ ॥੩੭੭॥ ਹਮਰੇ ਦੁਸ਼ਟ ਸਭੈ ਤੁਮ ਘਾਵਹੁ ॥ ਆਪੁ ਹਾਥ ਦੈ ਮੋਹਿ ਬਚਾਵਹੁ ॥ ਸੁਖੀ ਬਸੈ ਮੋਰੋ ਪਰਿਵਾਰਾ ॥ ਸੇਵਕ ਸਿੱਖਯ ਸਭੈ ਕਰਤਾਰਾ ॥੩੭੮॥ ਮੋ ਰੱਛਾ ਨਿਜੁ ਕਰ ਦੈ ਕਰਿਯੈ ॥ ਸਭ ਬੈਰਿਨ ਕੌ ਆਜ ਸੰਘਰਿਯੈ ॥ ਪੂਰਨ ਹੋਇ ਹਮਾਰੀ ਆਸਾ ॥ ਤੋਰਿ ਭਜਨ ਕੀ ਰਹੈ ਪਿਯਾਸਾ ॥੩੭੯॥ ਤੁਮਹਿ ਛਾਡਿ ਕੋਈ ਅਵਰ ਨ ਧਯਾਊਂ ॥ ਜੋ ਬਰ ਚਹੋਂ ਸੁ ਤੁਮਤੇ ਪਾਊਂ ॥ ਸੇਵਕ ਸਿੱਖਯ ਹਮਾਰੇ ਤਾਰਿਯਹਿ ॥ ਚੁਨ ਚੁਨ ਸ਼ੱਤ੍ਰੁ ਹਮਾਰੇ ਮਾਰਿਯਹਿ ॥੩੮੦॥ ਆਪੁ ਹਾਥ ਦੈ ਮੁਝੈ ਉਬਰਿਯੈ ॥ ਮਰਨ ਕਾਲ ਤ੍ਰਾਸ ਨਿਵਰਿਯੈ ॥ਹੂਜੋ ਸਦਾ ਹਮਾਰੇ ਪੱਛਾ ॥ ਸ੍ਰੀ ਅਸਿਧੁਜ ਜੂ ਕਰਿਯਹੁ ਰੱਛਾ ॥੩੮੧॥

ਅਰਥ ਭਾਵ: ਕਵੀ ਵਲੋਂ ਉਚਾਰਣ ਕੀਤੀ ਅਰਦਾਸ (ਬੇਨਤੀ)॥ ਅਪਣਾਂ ਹੱਥ ਦੇ ਕੇ ਮੇਰੀ ਰਖਿਆ ਕਰੋ॥ (ਮੇਰੇ) ਮੰਨ ਦੀ ਇੱਛਾ ਪੂਰੀ ਹੋਏ॥ ਤੇਰੇ ਚਰਣਾਂ ਵਿੱਚ ਮੇਰਾ ਮਨ ਰਮਿਆ ਰਹੇ॥ ਅਪਣਾਂ ਜਾਨ ਕੇ ਮੇਰੀ ਪਾਲਨਾਂ ਕਰੋ ॥377॥ ਮੇਰੇ ਸਾਰੇ ਦੁਸ਼ਮਨਾਂ ਨੂੰ ਤੂੰ ਆਪ ਮਾਰ ਦੇ ॥ ਅਪਨਾਂ ਹਥ ਦੇ ਕੇ ਮੈਨੂੰ ਬਚਾ ਲੈ॥ਮੇਰਾ ਪਰਿਵਾਰ ਸੁਖੀ ਵੱਸੇ॥ ਸਾਰੇ ਸਿੱਖ ਉਸ ਕਰਤਾਰ ਦੇ ਸੇਵਕ ਹਨ॥378॥ ਮੇਰੀ ਰਖਿਆ ਅਪਣਾਂ ਹੱਥ ਦੇ ਕੇ ਕਰੋ ॥ ਮੇਰੇ ਸਾਰੇ ਵੈਰੀਆਂ ਨੂੰ ਆਪ ਸੰਘਾਰੋ: ਭਾਵ ਮਾਰੋ॥ ਮੇਰੀ ਕਾਮਨਾਂ ਪੂਰੀ ਹੋਵੇ॥ ਤੇਰੇ ਭਜਨ ਦੀ ਪਿਆਸ ਭਾਵ ਭੁਖ ਲਗੀ ਰਹੇ॥379॥ ਤੈਨੂੰ ਛਡ ਕੇ ਮੈਂ ਹੋਰ ਕਿਸੇ ਦੀ ਪੂਜਾ ਨਾਂ ਕਰਾਂ॥ ਜੋ ਵਰ ਮੰਗਾਂ ਉਹ ਤੇਰੇ ਕੋਲੋਂ ਹਿ ਮੰਗਾਂ॥ ਮੇਰੇ ਸੇਵਕ ਸਿਖਾਂ ਨੂੰ ਤੂੰ ਆਪ ਤਾਰ ॥ਮੇਰੇ ਦੁਸ਼ਮਨਾਂ ਨੂੰ ਚੁਨ ਚੁਨ ਕੇ ਮਾਰੋ॥380॥ ਅਪਣਾਂ ਹੱਥ ਦੇ ਕੇ ਮੈਨੂੰ ਬਚਾ ਲਵੋ॥ ਮੇਰੇ ਮੰਨ ਵਿੱਚ (ਵੱਸੇ) ਮੋਤ ਦੇ ਡਰ ਨੂੰ ਤੁਸੀ ਆਪ ਦੂਰ ਕਰੋ॥ ਤੁਸੀ ਹਮੇਸ਼ਾ ਮੇਰੇ ਵਲ ਹੋ॥ ਸ੍ਰੀ ਅਸਿਧੁਜ ਜੀ ਮੇਰੀ ਰਖਿਆ ਕਰੋ ॥381॥

(ਨੋਟ : ਇਥੇ ਧਿਆਨ ਯੋਗ ਹੈ ਇਹ ਤੱਥ ਹੈ ਕਿ ਇਸ ਰਚਨਾਂ ਦਾ ਕਵੀ ਇਥੇ ਵੀ ਉਸੇ ਸ੍ਰੀ ਅਸਿਧੁਜ ਨਾਮਕ ਦੇਵਤੇ ਅਗੇ ਬੇਨਤੀ ਕਰ ਰਿਹਾ ਹੈ। ਜਿਸਦਾ ਜਿਕਰ ਅਸੀਂ ਇਸੇ ਚੌਪਈ ਵਿੱਚ ਪਿਛੇ ਕਰਕੇ ਆਏ ਹਾਂ। ਇਹ ਸ੍ਰੀ ਅਸਿਧੁਜ ਉਹ ਦੇਵਤਾ ਹੈ, ਜੋ ਅਪਣੇ ਹਥ ਵਿੱਚ ਖੜਗ ਰਖਦਾ ਹੈ। ਇਹ ਤਾਂ ਦਸਮ ਗ੍ਰੰਥ ਨੂੰ ਗੁਰੂ ਦੀ

ਕਿਰਤ ਮੰਨਣ ਵਾਲੇ ਵੀ ਸਵੀਕਾਰ ਕਰਦੇ ਹਨ, ਕਿ ਸ੍ਰੀ ਅਸਧੁਜ ਉਹ ਸ਼ਕਤੀ ਹੈ ਜੋ ਤਲਵਾਰ ਧਾਰਣ ਕਰਦੀ ਹੈ। ਭਾਵ ਉਹ ਦੇਹ ਧਾਰੀ ਹੈ। ਵੇਖੋ ਦਸਮ ਗ੍ਰੰਥ ਦੀ ਕਿਤਾਬ ਦੇ ਪੰਨਾ ਨੰਬਰ 1388 ਤੇ ਸ੍ਰੀ ਅਸਿਧੁਜ ਦਾ ਅਰਥ ਲਿਖਿਆ ਹੋਇਆ ਹੈ -ਤਲਵਾਰ ਧਾਰਣ ਕਰਨ ਵਾਲੀ ਮਹਾਨ ਪ੍ਰਬਲ ਸ਼ਕਤੀ।)

ਮਹਾਕਾਲ ਹੀ ਆਦਿ ਅਤੇ ਅੰਤ ਵਿਚ ਇਕ ਅਵਤਾਰ ਹੋਇਆ:

ਕਾਲ ਪਾਇ ਬ੍ਰਹਮਾ ਬਪੁ ਧਰਾ ॥ ਕਾਲ ਪਾਇ ਸ਼ਿਵਜੂ ਅਵਤਰਾ ॥ ਕਾਲ ਪਾਇ ਕਰਿ ਬਿਸ਼ਨ ਪ੍ਰਕਾਸ਼ਾ ॥ ਸਕਲ ਕਾਲ ਕਾ ਕੀਯਾ ਤਮਾਸ਼ਾ ॥੩੮੩॥ ਜਵਨ ਕਾਲ ਜੋਗੀ ਸ਼ਿਵ ਕੀਯੋ ॥ ਬੇਦ ਰਾਜ ਬ੍ਰਹਮਾ ਜੂ ਥੀਯੋ ॥ ਜਵਨ ਕਾਲ ਸਭ ਲੋਕ ਸਵਾਰਾ ॥ ਨਮਸ਼ਕਾਰ ਹੈ ਤਾਹਿ ਹਮਾਰਾ ॥੩੮੪॥ ਜਵਨ ਕਾਲ ਸਭ ਜਗਤ ਬਨਾਯੋ ॥ ਦੇਵ ਦੈਤ ਜੱਛਨ ਉਪਜਾਯੋ ॥ ਆਦਿ ਅੰਤਿ ਏਕੈ ਅਵਤਾਰਾ ॥ ਸੋਈ ਗੁਰੂ ਸਮਝਿਯਹੁ ਹਮਾਰਾ ॥੩੮੫॥ ਨਮਸ਼ਕਾਰ ਤਿਸ ਹੀ ਕੋ ਹਮਾਰੀ ॥ ਸਕਲ ਪ੍ਰਜਾ ਜਿਨ ਆਪ ਸਵਾਰੀ ॥ ਸਿਵਕਨ ਕੋ ਸਵਗੁਨ ਸੁਖ ਦੀਯੋ ॥ ਸ਼ੱਤ੍ਰੁਨ ਕੋ ਪਲ ਮੋ ਬਧ ਕੀਯੋ ॥੩੮੬॥

ਅਰਥ ਭਾਵ: ਕਾਲ ਨੂ ਪ੍ਰਾਪਤ ਕਰਕੇ ਹੀ ਬ੍ਰਹਮਾਂ ਇਸ ਧਰਤੀ ਤੇ ਆਇਆ ॥ ਕਾਲ ਨੂੰ ਪ੍ਰਾਪਤ ਕਰਕੇ ਸੰਕਰ ਨੇ ਅਵਤਾਰ ਧਾਰਿਆ॥ ਕਾਲ ਨੂੰ ਪ੍ਰਾਪਤ ਕਰਕੇ ਹੀ ਵਿਸ਼ਨੂੰ ਦਾ ਜਨਮ ਹੋਇਆ ॥ ਸਾਰਾ ਤਮਾਸ਼ਾ ਕਾਲ ਦਾ ਹੀ (ਬਣਾਇਆ ਹੋਇਆ ਹੇ)॥383॥ ਜਿਸ ਕਾਲ ਦੀ ਕਿਰਪਾ ਨਾਲ ਸ਼ੰਕਰ ਨੇ ਜੋਗ ਕਮਾਇਆ॥ਬ੍ਰਹਮਾਂ ਨੇ ਵੀ (ਕਾਲ ਦੀ ਕਿਰਪਾ ਨਾਲ) ਵੇਦਾ ਦਾ ਨਿਰਮਾਂਨ ਕੀਤਾ॥ (ਉਹ ਕਾਲ ਹੀ ) ਆਦਿ ਤੋਂ ਅੰਤ ਤਕ ਵਿਆਪਤ ਹੈ॥ ਉਸ (ਕਾਲ) ਨੂੰ ਹੀ ਮੇਰਾ ਗੁਰੂ ਜਾਨੋਂ ॥ ਉਸ ਕਾਲ (ਦੇਵਤੇ) ਨੂੰ ਨਮਸਕਾਰ ਹੈ ॥ ਜਿਸਨੇ ਇਹ ਸਾਰੀ ਪ੍ਰਜਾ ਬਣਾਈ॥ ਭਗਤਾਂ ਨੂੰ ਸਾਰੇ ਗੁਣ ਪ੍ਰਦਾਨ ਕੀਤੇ॥ ਦੁਸ਼ਮਨਾਂ ਦਾ ਇਕ ਪਲ ਵਿੱਚ ਕਤਲ ਕਰ ਦਿਤਾ॥389॥

ਇਹ ਗ੍ਰੰਥ ਜਗਮਾਤਾ (ਭਗਉਤੀ/ਦੁਰਗਾ)/ ਖੜਗਕੇਤੁ ਅਤੇ ਸ੍ਰੀ ਅਸਿਧੁਜ ਦੇਵਤਿਆਂ ਦੀ ਕਿਰਪਾ ਨਾਲ ਸੰਪੂਰਨ ਹੋਇਆ।

..........ਜੇ ਅਸਿਧੁਜ ਤਵ ਸ਼ਰਨੀ ਪਰੇ ॥ ਤਿਨ ਕੇ ਦੁਸ਼ਟ ਦੁਖਿਤ ਹ੍ਵੈ ਮਰੇ ॥ ਪੁਰਖ ਜਵਨ ਪਗੁ ਪਰੇ ਤਿਹਾਰੇ ॥ ਤਿਨ ਕੇ ਤੁਮ ਸੰਕਟ ਸਭ ਟਾਰੇ ॥੩੯੭॥ ਜੋ ਕਲਿ ਕੌ ਇਕ ਬਾਰ ਧਿਐਹੈ ॥ ਤਾ ਕੇ ਕਾਲ ਨਿਕਟਿ ਨਹਿ ਐਹੈ ॥ ਰੱਛਾ ਹੋਇ ਤਾਹਿ ਸਭ ਕਾਲਾ ॥ ਦੁਸ਼ਟ ਅਰਿਸ਼ਟ ਟਰੇ ਤਤਕਾਲਾ ॥੩੯੮॥............... ਖੜਗ ਕੇਤ ਮੈਂ ਸ਼ਰਨਿ ਤਿਹਾਰੀ ॥ ਆਪ ਹਾਥ ਦੈ ਲੇਹੁ ਉਬਾਰੀ ॥ਸਰਬ ਠੌਰ ਮੋ ਹੋਹੁ ਸਹਾਈ ॥ ਦੁਸ਼ਟ ਦੋਖ ਤੇ ਲੇਹੁ

ਬਚਾਈ ॥੪੦੧॥ ਕ੍ਰਿਪਾ ਕਰੀ ਹਮ ਪਰ ਜਗਮਾਤਾ ॥ ਗ੍ਰੰਥ ਕਰਾ ਪੂਰਨ ਸੁਭ ਰਾਤਾ ॥ ਕਿਲਬਿਖ ਸਕਲ ਦੇਹ ਕੋ ਹਰਤਾ ॥ ਦੁਸ਼ਟ ਦੋਖਿਯਨ ਕੋ ਛੈ ਕਰਤਾ ॥੪੦੨॥ ਸ੍ਰੀ ਅਸਿਧੁਜ ਜਬ ਭਏ ਦਯਾਲਾ ॥ ਪੂਰਨ ਕਰਾ ਗ੍ਰੰਥ ਤਤਕਾਲਾ ॥ ਮਨ ਬਾਂਛਤ ਫਲ ਪਾਵੈ ਸੋਈ ॥ ਦੂਖ ਨ ਤਿਸੈ ਬਿਆਪਤ ਕੋਈ ॥੪੦੩॥ ਅੜਿੱਲ ॥ ਸੁਨੈ ਗੁੰਗ ਜੋ ਯਾਹਿ ਸੁ ਰਸਨਾ ਪਾਵਈ ॥ ਸੁਨੈ ਮੂੜ੍ਹ ਚਿਤ ਲਾਇ ਚਤੁਰਤਾ ਆਵਈ ॥ਦੂਖ ਦਰਦ ਭੌ ਨਿਕਟ ਨ ਤਿਨ ਨਰ ਕੇ ਰਹੈ ॥ ਹੋ ਜੋ ਯਾਕੀ ਏਕ ਬਾਰ ਚੌਪਈ ਕੋ ਕਹੈ ॥੪੦੪॥ਚੌਪਈ ॥ਸੰਬਤ ਸੱਤ੍ਰਹ ਸਹਸ ਭਣਿੱਜੈ ॥ ਅਰਧ ਸਹਸ ਫੁਨਿ ਤੀਨਿ ਕਹਿੱਜੈ ॥ਭਾਦ੍ਰਵ ਸੁਦੀ ਅਸ਼ਟਮੀ ਰਵਿ ਵਾਰਾ ॥ ਤੀਰ ਸਤੁੱਦ੍ਰਵ ਗ੍ਰੰਥ ਸੁਧਾਰਾ ॥੪੦੫॥

ਅਰਥ ਭਾਵ: ਹੇ ਅਸਿਧੁਜ ! ਜੋ ਤੇਰੀ ਚਰਣੀ ਲਗ ਗਏ ॥ ਉਨ੍ਹਾਂ ਦੇ ਦੁਸ਼ਮਨ ਦੁਖੀ ਹੋ ਹੋ ਕੇ ਮਰ ਗਏ॥ ਜੇੜ੍ਹੇ ਪੁਰਖ ਤੇਰੀ ਚਰਨੀ ਪੈ ਗਏ॥ ਉਨ੍ਹਾਂ ਦੇ ਸਾਰੇ ਦੁਖ ਤੂੰ ਦੂਰ ਕਰ ਦਿਤੇ॥397॥ ਜੋੜ੍ਹੇ ਮਹਾਕਾਲ (ਦੇਵਤੇ ) ਨੂੰ ਇਕ ਵਾਰ ਯਾਦ ਕਰ ਲੈਂਦੇ ਹਨ॥ ਉਨ੍ਹਾਂ ਦੇ ਨੇੜੇ ਮੌਤ ਨਹੀ ਆਉਦੀ॥ ਉਨ੍ਹਾਂ ਦੀ ਹਰ ਥਾਂ ਤੇ (ਮਹਾ ਕਾਲ) ਆਪ ਰਖਿਆ ਕਰਦਾ ਹੈ॥ (ਉਸਦੇ) ਦੁਸ਼ਟ ਦੁਸ਼ਮਨਾ (ਉਸਤੋਂ) ਦੂਰ ਭੱਜ ਜਾਂਦੇ ਹਨ॥398॥............. ਹੇ ! ਖੜਗਕੇਤੁ (ਦੇਵਤੇ) ਮੈਂ ਤੇਰੀ ਸ਼ਰਣ ਵਿੱਚ ਹਾਂ॥ ਅਪਣਾਂ ਹਥ ਦੇ ਕੇ ਮੈਨੂੰ ਬਚਾ ਲੈ॥ ਹਰ ਥਾਂ ਤੇ ਮੇਰੀ ਸਹਾਇਤਾ ਕਰ॥ ਦੁਸ਼ਮਨਾਂ ਅਤੇ ਦੁਖਾਂ ਤੋਂ ਮੇਰੀ ਰਖਿਆ ਤੂੰ (ਆਪ) ਕਰ॥401॥ ( ਜਦੋ ਮੇਰੇ ਤੇ) ਸਾਰੇ ਜਗਤ ਦੀ ਮਾਤਾ (ਦੇਵੀ ਭਵਾਨੀ/ਦੁਰਗਾ) ਨੇ ਕਿਰਪਾ ਕੀਤੀ ॥ ਉਸ ਸ਼ੁਭ ਰਾਤ ਨੂੰ ਮੈਂ ਇਹ ਗ੍ਰੰਥ ਸੰਪੂਰਨ ਕਰ ਲਿਆ॥ (ਹੇ ਖੜਗਕੇਤੁ) ਸਾਰੇ ਸ਼ਰੀਰ ਨੂੰ ਤੂੰ ਰੋਗਾਂ ਤੋਂ ਮੁਕਤ ਕਰਦਾ ਹੈ॥ ਦੁਖ ਦੇਨ ਵਾਲੇ ਦੁਸ਼ਮਨਾਂ ਦਾ ਤੂੰ ਆਪ ਨਾਸ਼ ਕਰਦਾ ਹੈ॥ 402॥ ਸ੍ਰੀ ਅਸਿਧੁਜ (ਦੇਵ) ਜਦੋਂ ਮੇਰੇ ਤੇ ਦਇਆਲ ਹੋ ਗਏ॥ ਮੈਂ ਇਹ ਗ੍ਰੰਥ ਫੌਰਨ ਹੀ ਪੂਰਾ ਕਰ ਲਿਆ॥ ਉਹ (ਵਿਅਕਤੀ) ਮਨ ਚਾਹਿਆ ਫਲ ਪ੍ਰਾਪਤ ਕਰਦਾ ਹੈ॥ ਉਸ (ਵਿਅਕਤੀ) ਨੂੰ ਕੋਈ ਦੁਖ ਨਹੀ ਘੇਰਦਾ॥403) ਅੜਿਲ॥ ਗੂੰਗੇ (ਵਿਅਕਤੀ) ਨੂੰ ਜੁਬਾਨ ਮਿਲ ਜਾਂਦੀ ਹੈ॥ ਮੂਰਖ ਮਨੁਖ ਨੂੰ ਸਿਆਨਪ ਆ ਜਾਂਦੀ ਹੈ॥ ਜੇੜ੍ਹਾ (ਵਿਅਕਤੀ) ਇਸ ਚੌਪਈ ਨੂੰ ਇਕ ਵਾਰ ਪੜ੍ਹ ਲੈਂਦਾ ਹੈ॥404॥ਚੌਪਈ॥ ਭਾਦੋ ਸੁਦੀ ਅਠਵੀ, ਸੰਮਤ 1755 ਬਿਕ੍ਰਮੀ ਐਤਵਾਰ ਵਾਲੇ ਦਿਨ ॥ ਸਤਲੁਜ ਨਦੀ ਦੇ ਕੰਡੇ ਤੇ ਇਹ ਗ੍ਰੰਥ ਸੰਪੂਰਣ ਹੋਇਆ॥405॥

ਪਾਠਕ ਸਜਣੋ ! ਇਹ ਸੀ ਇਸ ਚੌਪਈ ਦਾ ਸਾਰ ਅਤੇ ਸ੍ਰੋਤ। ਗੁਰੂ ਗ੍ਰੰਥ ਸਾਹਿਬ ਜੀ ਦੀ ਅੰਮ੍ਰਿਤ ਬਾਣੀ ਅਤੇ ਗੁਰਮਤਿ ਸਿਧਾਂਤਾਂ ਦੀ ਕਸਵੱਟੀ ਤੇ ਇਸ ਨੂੰ ਤੁਸੀ ਪਰਖ ਕੇ ਆਪ ਨਿਰਣਾਂ ਕਰ ਲੈਣਾਂ ਕਿ ਸ੍ਰੀ ਅਸਿਧੁਜ, ਖੜਗਕੇਤੁ ਅਤੇ ਜਗਮਾਤਾ ਦੀ ਕਿਰਪਾ ਨਾਲ ਕਵੀ ਦਵਾਰਾ ਤਿਆਰ ਕੀਤੀ ਗਈ ਇਹ "ਚੌਪਈ" ਸਾਡੇ ਅਤੇ ਸ਼ਬਦ ਗੁਰੂ ਦੇ ਸਿੱਖਾਂ ਦੇ ਜੀਵਨ ਦਾ ਇਕ ਅੰਗ ਕਿਵੇ ਬਣ ਗਈ ਹੈ ? ਸ੍ਰੋਤ ਅਤੇ ਭਾਵ ਅਰਥ ਦੱਸਣ ਦਾ ਫਰਜ ਸਾਡਾ ਸੀ। ਇਸ ਬਾਰੇ ਵਧੇਰੇ ਪੜਚੋਲ ਕਰਨੀ ਆਪ ਜੀ ਦਾ ਕੰਮ ਹੈ।

ਦਾਸ ਪਾਠਕਾਂ ਤੋਂ ਖਿਮਾਂ ਦਾ ਜਾਚਕ ਹੈ, ਕਿਉਂਕਿ ਇਹ ਲੇਖ ਬਹੁਤ ਵੱਡਾ ਹੋ ਜਾਣ ਦੇ ਕਾਰਣ ਵਿਚੋਂ ਵਿਚੋਂ ਹੀ ਪ੍ਰਮਾਣ ਦਿਤੇ ਜਾ ਸਕੇ ਹਨ। ਆਸ ਹੈ, "ਸੰਪੂਰਨ ਸਬੁਧਿ ਬਾਚ ਚੌਪਈ" ਦਾ ਸਾਰ, ਸ੍ਰੋਤ ਅਤੇ ਭਾਵ ਅਰਥ ਆਪ ਜੀ ਨੂੰ ਸਮਝ ਆ ਗਏ ਹੋਣਗੇ। ਫਿਰ ਵੀ ਇਸ ਲੇਖ ਵਿੱਚ ਹੋਈਆਂ ਭੁਲਾਂ ਚੁਕਾਂ ਅਤੇ ਗਲਤੀਆਂ ਲਈ ਦਾਸ ਪਾਠਕਾਂ ਤੋਂ ਖਿਮਾਂ ਦਾ ਜਾਚਕ ਹੈ ਜੀ।

Khalsa news 28th of Sept 2014

http://www.khalsanews.org/newspics/2014/09%20Sept%2014/28%20Sep%2014/28%20Sep%2014%20Chaupai%20-%20Prof%20Kashmira%20Singh%20USA.htm

## ਦੇਹ ਧਾਰੀ ਦੇਵਤੇ ਮਹਾਂਕਾਲ਼ ਅੱਗੇ ਕੀਤੀ ਬੇਨਤੀ ਹੈ - ਕਬ੍ਯੋ ਬਾਚ ਬੇਨਤੀ ਚੌਪਈ

-: *ਪ੍ਰੋ. ਕਸ਼ਮੀਰਾ ਸਿੰਘ ਯੂ.ਐਸ.ਏ.*




ਸੰਨ 1897 ਵਿੱਚ ਪਹਿਲੀ ਵਾਰ ਛਪੇ ਦਸਮ ਗ੍ਰੰਥ ਵਿੱਚ ਚਰਿਤ੍ਰੋਪਾਖਿਆਨ (ਤ੍ਰਿਅ ਚਰਿੱਤ੍ਰ-ਬਹੁਤੀਆਂ ਕਹਾਣੀਆਂ ਮਰਦਾਂ ਅਤੇ ਔਰਤਾਂ ਦੀਆਂ ਗੁਪਤ ਕਹਾਣੀਆਂ ਹਨ) ਵਿੱਚ ਆਖ਼ਰੀ ਚਰਿੱਤ੍ਰ ਨੰਬਰ 404 ਦੇ 405 ਛੰਦ ਜਾਂ ਬੰਦ ਹਨ। ਪਹਿਲੇ 374 ਬੰਦਾਂ ਵਿੱਚ ਦੇਵ ਰਾਜਾ ਸਤਿਸੰਧਿ ਅਤੇ ਦੀਰਘਦਾੜ ਦੈਂਤ ਰਾਜੇ ਦੇ ਯੁੱਧ ਦਾ{ਇਸ ਯੁੱਧ ਦੇ ਅੰਤ ਤੇ ਤਲਵਾਰਾਂ ਦੀ ਲਿਸ਼ਕ ਵਿੱਚੋਂ ਇਕ ਸੁੰਦਰ ਬਾਲਾ ਦੂਲਹ ਦੇਈ ਪੈਦਾ ਹੁੰਦੀ ਹੈ} ਅਤੇ ਫਿਰ ਦੈਂਤ ਰਾਜਾ ਸ੍ਵਾਸ ਬੀਰਜ ਨੂੰ ਮਹਾਂਕਾਲ ਵਲੋਂ ਦੈਂਤਾਂ ਸਮੇਤ ਮਾਰੇ ਜਾਣ ਦੇ ਯੁੱਧ ਦਾ ਬਿਆਨ ਹੈ, ਜਿਸ ਵਿੱਚ ਦੈਤਾਂ ਵਲੋਂ ਖੂਹਾਂ ਦੇ ਖੂਹ ਅਤੇ ਸਰੋਵਰਾਂ ਦੇ ਸਰੋਵਰ ਭਰੇ ਸ਼ਰਾਬ ਅਤੇ ਭੰਗ ਦੇ ਪੀ ਜਾਣੇ ਆਦਿਕ ਹੋਰ ਬਹੁਤ ਸਾਰੀਆਂ ਕਰਾਮਾਤਾਂ ਦਾ ਜ਼ਿਕਰ ਹੈ।

ਬੰਦ ਨੰਬਰ 375 ਵਿੱਚ ਦੇਹ ਧਾਰੀ ਮਹਾਂਕਾਲ਼ ਨੂੰ ਹੋਈ ਜਿੱਤ ਪਿੱਛੋਂ ਮਿਲ਼ਦੀ ਵਧਾਈ ਦਾ ਜ਼ਿਕਰ ਹੈ, ਕਿਉਂਕਿ ਉਸ ਨੇ ਦੈਂਤ ਰਾਜੇ ਨੂੰ ਮਾਰ ਕੇ ਦੂਲਹ ਦੇਈ ਸੁੰਦਰੀ ਦੀ ਮੱਦਦ ਕੀਤੀ ਹੈ ਜਿਵੇਂ-

ਪੁਨਿ ਰਾਛਸ ਕਾ ਕਾਟਾ ਸੀਸਾ। ਸ੍ਰੀ ਅਸਿਕੇਤੁ ਜਗਤ ਕੇ ਈਸਾ।
ਪੁਹਪਨ ਬ੍ਰਿਸਟਿ ਗਗਨ ਤੇ ਭਈ। ਸਭਹਿਨ ਆਨਿ ਬਧਾਈ ਦਈ।375।॥

ਪਦ ਅਰਥ-- ਰਾਛਸ- ਸ੍ਵਾਸ ਬੀਰਜ, ਦੈਂਤ ਰਾਜਾ। ਸੀਸਾ- ਸਿਰ (ਸ਼ੀਸ਼)। ਅਸਿਕੇਤ- ਝੰਡੇ ਵਿੱਚ ਤਲਵਾਰ ਦਾ ਚਿੰਨ੍ਹ ਰੱਖਣ ਵਾਲ਼ਾ ਦੇਹ ਧਾਰੀ ਮਹਾਂਕਾਲ। ਈਸਾ- ਈਸ਼ਵਰ{ ਜਗਤ ਦਾ ਈਸ਼ਵਰ ਕੇਵਲ ਰੱਬ ਹੈ, ਦੇਹ ਧਾਰੀ ਬੰਦਾ ਨਹੀਂ ਜੈਸਾ ਕਿ ਕਵੀ ਨੇ ਮਹਾਂਕਾਲ਼ ਬਾਰੇ ਲਿਖਿਆ ਹੈ}। ਪੁਹਪਨ- ਫੁੱਲ।

ਰਾਖ਼ਸ਼ ਦਾ ਸਿਰ ਕੱਟਣ ਵਾਲ਼ਾ ਕੌਣ ਹੈ? ਦੇਹ ਧਾਰੀ ਮਹਾਂਕਾਲ਼ ਹੈ।
ਵਧਾਈ ਲੈਣ ਵਾਲ਼ਾ ਕੌਣ ਹੈ? ਅਸਿਕੇਤ ਹੈ, ਜੋ ਮਹਾਂਕਾਲ਼ ਦੇਹ ਧਾਰੀ ਦੇਵਤਾ ਹੈ, ਜਿਸ ਦੇ ਖੜਗਕੇਤ ਆਦਿ ਹੋਰ ਕਈ ਨਾਂ ਵੀ ਹਨ।
ਕੀ ਅਕਾਲ ਪੁਰਖ (God) ਨੂੰ ਵਧਾਈ ਮਿਲ਼ੀ ਹੈ? ਨਹੀਂ, ਨਹੀਂ, ਨਹੀਂ। ਅਕਾਲ ਪੁਰਖ ਦੇਹ ਧਾਰੀ ਨਹੀਂ।

ਨੋਟ:

ਇਹ ਬੰਦ ਗੁਰਮਤਿ ਵੀਚਾਰਧਾਰਾ ਤੋਂ ਅਗਿਆਨੀ ਰਾਗੀ ਜਥੇ {ਦੇਖਾ ਦੇਖੀ ਸਭ ਕਰੇ ਮਨਮੁਖਿ ਬੂਝ ਨ ਪਾਇ॥ ਗੁ.ਗ੍ਰੰ.ਸ. ਪੰਨਾਂ 28} ਕੀਰਤਨ ਰਾਹੀਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿੱਚ ਗਾ ਕੇ ਆਪਣਾ ਅਧਿਆਤਮ ਜੀਵਨ ਤਾਂ ਨਸ਼ਟ ਕਰ ਹੀ ਰਹੇ ਹਨ ਅਤੇ ਸਿੱਖ ਧਰਮ ਦੀਆਂ ਜੜ੍ਹਾਂ ਨੂੰ ਹਿੰਦੂ ਦੇਵੀ ਦੇਵਤਿਆਂ ਦੀ ਪੂਜਾ ਦਾ ਤੇਲ ਵੀ ਦੇ ਰਹੇ ਹਨ ਜਿਸ ਨਾਲ਼ ਸਿੱਖ ਜਗਤ ਦਿਨੋ ਦਿਨ ਹਿੰਦੂ ਮੱਤ ਦੀ ਬੁੱਕਲ਼ (ਡਰਓਟਇਰਨਟਿ) ਵਿੱਚ ਆ ਰਿਹਾ ਹੈ। ਵਧਾਈ ਤਾਂ ਦੇਹ ਧਾਰੀ ਖੜਗਧੁਜ ਨੂੰ ਮਿਲ਼ਦੀ ਹੈ, ਅਕਾਲ ਪੁਰਖ ਨੂੰ ਨਹੀਂ।

ਸਿੱਖੀ ਨੂੰ ਢਾਹ ਲਾਹੁਣ ਵਾਲ਼ੀ ਸੋਚ ਵਾਲ਼ੇ ਪ੍ਰਬੰਧਕਾਂ ਨੇ ਇਹ ਬੰਦ 'ਸੋਦਰੁ' ਦੇ ਪਾਠ ਵਿੱਚ ਸ਼ਾਮਲ ਕਰਕੇ ਗੁਟਕੇ ਛਪਵਾ ਕੇ, ਪੰਜਵੇਂ ਗੁਰੂ ਜੀ ਵਲੋਂ ਬਣਾਏ ਨਿੱਤਨੇਮ ਦੀ ਘੋਰ ਉਲੰਘਣਾਂ ਕੀਤੀ ਹੈ ਤੇ ਸਿੱਖਾਂ ਸ਼ਰਧਾਲੂਆਂ ਨੂੰ ਦੇਹਧਾਰੀ ਦੇਵਤੇ ਦੀ ਪੂਜਾ ਵਲ ਧੱਕਿਆ ਹੈ।

ਅਤੇ ਬੰਦ ਨੰਬਰ 376 ਵਿੱਚ ਦੇਹ ਧਾਰੀ ਮਹਾਂਕਾਲ਼ ਦੀ ਹੋਈ ਜਿੱਤ ਦੇਖ ਕੇ ਉਸ ਦੀ ਸਿਫ਼ਤਿ ਕੀਤੀ ਗਈ ਹੈ ਤੇ ਕਵੀ ਨੇ ਵੀ ਖ਼ੁਸ਼ ਹੋ ਕੇ ਦੇਹ ਧਾਰੀ ਮਹਾਂਕਾਲ਼ ਨੂੰ ਗ਼ਰੀਬ ਨਿਵਾਜ਼, ਲੋਗਨ ਕਾ ਰਾਜਾ, ਅਖਲ ਭਵਨ ਦਾ ਸਿਰਜਣਹਾਰਾ, ਦੁਸ਼ਟਨ ਦਾਹ ਕਿਹਾ ਗਿਆ ਹੈ। ਜਿਵੇਂ-

ਧੰਨਯ ਧੰਨਯ ਲੋਗਨ ਕੇ ਰਾਜਾ। ਦੁਸਟਨ ਦਾਹ ਗਰੀਬ ਨਿਵਾਜਾ।
ਅਖਲ ਭਵਨ ਕੇ ਸਿਰਜਨਹਾਰੇ। ਦਾਸ ਜਾਨਿ ਮੁਹਿ ਲੇਹੁ ਉਬਾਰੇ।376।

ਨੋਟ: ਇਹ ਬੰਦ ਵੀ ਗੁਰਮੱਤ ਤੋਂ ਅਗਿਆਨੀ ਰਾਗੀਆਂ ਵਲੋਂ ਗਾ ਕੇ ਧੁਰ ਕੀ ਬਾਣੀ ਦੀ ਨਿਰਾਦਰੀ ਕੀਤੀ ਜਾ ਰਹੀ ਹੈ। ਤ੍ਰਿਅ ਚਰਿੱਤ੍ਰ ਦੇ ਕਵੀ ਦੇ ਇਸ਼ਟ ਸ਼ਿਵ ਜੀ ਦੇ ਜਿਓਤ੍ਰੀਲਿੰਗਮ ਦੇਹ ਧਾਰੀ ਮਹਾਂਕਾਲ਼ {ਮੰਦਰ ਉਜੈਨ ਵਿੱਚ ਹੈ} ਨੂੰ ਅਕਾਲ ਪੁਰਖ ਵਜੋਂ ਗ਼ਲਤ ਅਰਥ ਦੇ ਕੇ ਸਿੱਖਾਂ ਵਲੋਂ ਅਗਿਆਨਤਾ ਵਸ਼ ਅਪਨਾਇਆ ਜਾ ਰਿਹਾ ਹੈ ਜੋ ਕੇਸ਼ਾ ਧਾਰੀ ਹਿੰਦੂ ਬਣ ਰਹੇ ਹਨ। ਇਕ ਦੇਹ ਧਾਰੀ ਮਹਾਂਕਾਲ਼ ਨੂੰ ਕਵੀ ਨੇ ਲੋਕਾਂ ਦਾ ਰਾਜਾ, ਗ਼ਰੀਬ ਨਿਵਾਜ਼ ਤੇ ਸਿਰਜਣਹਾਰ ਕਿਹਾ ਹੈ ਜੋ ਗੁਰਮਤਿ ਨਹੀਂ ਪ੍ਰਵਾਨ ਕਰਦੀ। ਪ੍ਰਭੂ ਦੇਹ ਧਾਰੀ ਨਹੀਂ ਹੈ। ਦੇਹ ਧਾਰੀ ਮਹਾਂਕਾਲ਼ ਨੇ ਹੀ ਦੈਂਤ ਰਾਜੇ ਨੂੰ ਮਾਰਿਆ ਹੈ ਤੇ ਆਪ ਭੀ ਮਰ ਚੁੱਕਾ ਹੈ। ਅਕਾਲ ਪੁਰਖ ਅਬਿਨਾਸ਼ੀ ਹੈ ਜੋ ਕਦੇ ਮਰਦਾ ਨਹੀਂ ਅਤੇ ਜਿਸ ਦਾ, ਸਿੱਖ ਪੁਜਾਰੀ ਹੈ।

ਪੂਰੇ ਚਰਿੱਤ੍ਰ ਨੰਬਰ 404 ਵਿੱਚ ਮਹਾਂਕਾਲ਼ ਨੂੰ ਅਸਿਧੁਜ, ਅਸਿਕੇਤ, ਕਾਲ਼, ਖੜਗਧੁਜ, ਖੜਗਾਧੁਜ, ਆਦਿ ਨਾਂਵਾਂ ਨਾਲ਼ ਵੀ ਲਿਖਿਆ ਗਿਆ ਹੈ। ਇਹ ਦੇਹਧਾਰੀ ਦੇਵਤਾ ਹੈ ਤੇ ਸ਼ਿਵ ਜੀ ਦੇ 12 ਜੋਤ੍ਰਿਲਿੰਗਮਾਂ ਵਿੱਚੋਂ ਇੱਕ ਹੈ, ਸਿੱਖਾਂ ਲਈ ਰੱਬ ਨਹੀਂ। ਇਹ ਚਰਿੱਤ੍ਰ ਲਿਖਣ ਵਾਲ਼ੇ ਕਵੀ ਦਾ ਰੱਬ ਹੋ ਸਕਦਾ ਹੈ, ਸਿੱਖ ਦਾ ਨਹੀਂ।
ਦੇਹ ਧਾਰੀ ਮਹਾਂਕਾਲ਼ ਦੇ ਵੱਖ-ਵੱਖ ਨਾਂ ਦੇਖੋ-

ਅਸਿਧੁਜ ਅਧਿਕ ਕੋਪ ਕਰਿ ਧਾਯੋ। 104।
ਘੇਰਤ ਮਹਾਕਾਲ ਕਹ ਭਏ। 105।
ਯੁੱਧ ਭਈ ਕਾਲੀ ਅਸੁਰਨ ਜਹ। 132।
ਖੜਗਕੇਤ ਅਸ ਕੀਆ ਤਮਾਸ਼ਾ। 247।
ਜੋ ਪੂਜਾ ਅਸਿਕੇਤ ਕੀ ਨਿਤ ਪ੍ਰਤਿ ਕਰੇ ਬਨਾਇ। 366।
ਨਿਰਖਿ ਖੜਗਧੁਜ ਕਾਟਿ ਗਿਰਾਏ। 371।

ਨੋਟ:

ਸਿੱਖ ਮਿਸ਼ਨਰੀ ਕਾਲਜ ਲੁਧਿਆਣਾ ਦੇ ਪੁਰਾਣੇ ਛਪੇ ਗੁਟਕਿਆਂ ਵਿੱਚ 'ਕਬਿਯੋ ਬਾਚ ਬੇਨਤੀ ਚੌਪਈ' ਤੋਂ ਪਹਿਲਾਂ ਪਾ:10 ਨਹੀਂ ਲਿਖਿਆ ਹੁੰਦਾ ਸੀ, ਨਵੇਂ ਗੁਟਕਿਆਂ ਵਿੱਚ ਉਹ ਵੀ ਭੇਡ ਚਾਲੇ ਚੱਲ ਕੇ ਪਾ: 10 ਲਿਖਣ ਲੱਗ ਪਏ ਹਨ {ਨਿੱਤਨੇਮ ਤੇ ਹੋਰ ਬਾਣੀਆਂ ਦੇ ਗੁਟਕੇ ਦਸੰਬਰ 1997 ਵਿੱਚ ਪਾ: 10 ਨਹੀਂ ਹੈ}। ਭਾ. ਚਤਰ

ਸਿੰਘ ਜੀਵਨ ਸਿੰਘ ਵਲੋਂ ਛਾਪੇ ਅਤੇ ਗਿਆਨੀ ਮੋਹਨ ਸਿੰਘ ਵਲੋਂ ਸ਼ੋਧੇ ਗੁਟਕੇ (ਕੋਈ ਸੰਨ ਨਹੀਂ ਲਿਖਿਆ) ਵਿੱਚ ਅਤੇ ਇੱਕ ਬਹੁਤ ਹੀ ਪੜ੍ਹੇ ਲਿਖੇ ਵਿਦਵਾਨ ਪ੍ਰੋ. ਉਜਾਗਰ ਸਿੰਘ ਐੱਮ. ਏ; ਪੀ. ਐੱਚ ਡੀ. ਵਲੋਂ ਕੀਤੇ ਰਹਰਾਸਿ ਦੇ ਟੀਕੇ {ਜੂਨ 1994 ਪ੍ਰਕਾਸ਼ਕ ਗੁਰਬਾਣੀ ਸੇਵਾ ਸੁਸਾਇਟੀ ਲੁਧਿਆਣਾ} ਵਿੱਚ ਤਾਂ ਚੌਪਈ ਤੋਂ ਪਹਿਲਾਂ '੧ੴ ਵਾਹਿਗੁਰੂ ਜੀ ਕੀ ਫ਼ਤਹ ਸ੍ਰੀ ਮੁੱਖ ਵਾਕ ਪਾਤਿਸ਼ਾਹੀ ਦਸਵੀਂ' ਮੰਗਲ਼ ਰੂਪ ਵਿੱਚ ਲਿਖ ਕੇ ਝੂਠ ਦੇ ਸਾਰੇ ਹੱਦ ਬੰਨੇ ਪਾਰ ਕਰ ਦਿੱਤੇ ਗਏ ਹਨ। ਸ਼੍ਰੋ. ਗੁ. ਪ੍ਰ. ਕਮੇਟੀ ਦੇ ਗੁਟਕਿਆਂ ਵਿੱਚ ਵੀ ਚੌਪਈ ਤੋਂ ਪਹਿਲਾਂ ਪਾ. 10 ਪਤਾ ਨਹੀਂ ਕਿਹੜੀ ਸੋਚ ਅਧੀਨ ਲਿਖਿਆ ਗਿਆ ਹੈ, ਪਰ ਗੁਰਮਤ ਦੀ ਬੇੜੀ ਨੂੰ ਹਿੰਦੂ ਮੱਤ ਦੇ ਤੇਜ਼ ਝੱਖੜਾਂ ਦੇ ਹਵਾਲੇ ਜ਼ਰੂਰ ਕਰ ਦਿੱਤਾ ਹੈ। 1897 ਈ. ਵਿੱਚ ਪਹਿਲੀ ਵਾਰ ਛਪੇ ਦਸਮ ਗ੍ਰੰਥ ਵਿੱਚ ਪਾ 10 ਲਿਖੇ ਹੋਣ ਦਾ ਕੋਈ ਸੰਕੇਤ ਹੀ ਨਹੀਂ ਹੈ, ਸਿੱਖਾਂ ਨੂੰ ਧੋਖਾ ਦੇਣ ਲਈ ਮਹੰਤਵਾਦੀ ਸੋਚ ਨੇ ਲਿਖ ਦਿੱਤਾ ਹੈ।

ਮੰਗਲਾਚਰਣ ਕਿਸੇ ਰਚਨਾ ਦੇ ਮੁੱਢ ਵਿੱਚ ਹੀ ਹੁੰਦਾ ਹੈ, ਵਿਚਕਾਰ ਨਹੀਂ ਹੁੰਦਾ। ਕਵੀ ਨੇ ਕੋਈ ਐਸਾ ਮੰਗਲ਼ ਚੌਪਈ ਦੇ ਮੁੱਢ ਵਿੱਚ ਨਹੀਂ ਦਿੱਤਾ ਸੀ, ਪਰ ਸਿੱਖਾਂ ਨੂੰ ਜਾਣ ਬੁੱਝ ਕੇ ਬੁੱਧੂ ਬਣਾਉਣ ਵਾਲ਼ੇ ਆਪ ਹੀ ਮੰਗਲ਼ ਲਿਖ ਕੇ ਆਪ ਹੀ ਬੁੱਧੂ ਬਣ ਗਏ ਹਨ।

ਬੰਦ ਨੰਬਰ 377 ਤੋਂ ਸ਼ੁਰੂ ਹੁੰਦੀ ਹੈ -- ਕਬ੍ਰਿਯੋ ਬਾਚ ਬੇਨਤੀ ਚੌਪਈ

ਚੌਪਈ ਦੀ ਅਸਲੀਯਤ - ਸ. ਵਰਿੰਦਰ ਸਿੰਘ ਗੋਲਡੀ

ਨਤੀ ਉਸੇ ਦੇਹ ਧਾਰੀ ਮਰ ਚੁੱਕੇ ਮਹਾਂਕਾਲ਼ ਅੱਗੇ ਹੈ, ਜਿਸ ਨੇ ਦੂਲਹ
ਹਨ ਵਿੱਚ ਮੱਦਦ ਕੀਤੀ ਤਾਂ ਜੁ ਦੂਲਹ ਦੇਈ ਉਸ ਨਾਲ਼ ਵਿਆਹ ਰਚਾ
ਤ ਦੇ ਸੁਆਮੀ) ਨਾਲ਼ ਵਿਆਹ ਕਰਨਾ ਚਾਹੁੰਦੀ ਸੀ। ਭਵਾਨੀ ਨੇ
ਥੀਨ ਉੱਤੇ ਹੀ ਸੌਂ ਜਾਵੇ ਤੇ ਇਕ ਆਵਾਜ਼ ਆਵੇਗੀ। ਮਹਾਂਕਾਲ਼ ਨੇ
ਾ ਸੀ ਕਿ ਉਹ ਪਹਿਲਾਂ ਸ੍ਵਾਸਬੀਰਜ ਦੈਂਤ ਨੂੰ ਮਾਰੇ। ਦੂਲਹ ਦੇਈ ਨੇ
ਤੀ ਜੋ ਮਹਾਂਕਾਲ਼ ਨੇ ਮੰਨ ਲਈ ਤੇ ਦੈਂਤ ਰਾਜਾ ਮਾਰਿਆ ਗਿਆ। ਕਵੀ
ਖਾਇਆ ਕੇਵਲ ਜਿੱਤ ਪਿੱਛੋਂ ਵਧਾਈ ਦਾ ਜ਼ਿਕਰ ਹੀ ਕੀਤਾ ਹੈ।

ਚੌਪਈ ਦੇ ਅਰਥ ਕੀ ਨੇ? ਅਰਥ ਕੁਝ ਵੀ ਹੋਣ (ਦੂਜੇ ਭਾਗ ਵਿੱਚ ਦਿੱਤੇ ਵੀ ਜਾਣਗੇ), ਅਸਲੀ ਸਰਬ ਸਮਰੱਥ ਖ਼ਸਮ ਗੁਰ ਪਰਮੇਸ਼ਰ ਸ਼੍ਰੀ ਗੁਰੂ ਗ੍ਰੰਥ ਸਾਹਿਬ ਨੂੰ ਛੱਡ ਕੇ ਕਿਸੇ ਹੋਰ ਓਪਰੇ ਬੰਦੇ ਤੋਂ ਅਸਲੀ ਸੁੱਖ ਲੈਣ ਦੀ ਇਹ ਝੂਠੀ ਤ੍ਰਿਸ਼ਨਾਮਈ ਭਟਕਣਾ ਜ਼ਰੂਰ ਹੈ।

ਕੁਝ ਪ੍ਰਸ਼ਨਾਂ ਦੇ ਉੱਤਰ ਲੱਭੋ:

1. ਸਿੱਖਾਂ ਦੇ ਗਲ਼ ਇਹ ਕੱਚੀ ਰਚਨਾ ਕਿੱਸ ਨੇ ਪਾਈ?

2. ਕੀ ਨਿੱਤਨੇਮ ਵਿੱਚ ਸ਼ਾਮਲ ਇਹ ਰਚਨਾ ਸਿੱਖਾਂ ਨੂੰ ਕੇਸ਼ਾ ਧਾਰੀ ਹਿੰਦੂ ਸਾਬਤ ਕਰ ਰਹੀ ਹੈ?

3. ਕੀ ਇਸ ਰਚਨਾ ਨੂੰ ਨਿੱਤਨੇਮ ਵਿੱਚ ਸ਼ਾਮਲ ਕਰਕੇ ਪੰਜਵੇਂ ਗੁਰੂ ਜੀ ਦਾ ਬਖ਼ਸ਼ਿਆ ਨਿੱਤਨੇਮ ਭੰਗ ਹੋਇਆ ਹੈ?

4. ਕੀ ਇਸ ਰਚਨਾ ਨੂੰ ਪੜ੍ਹਦੇ ਸਿੱਖ ਸ਼੍ਰੀ ਗੁਰੂ ਗ੍ਰੰਥ ਸਾਹਿਬ ਦੀ ਵਿਚਾਰਧਾਰਾ ਦੀ ਸ਼ਬਦ ਦੀ ਚਉਕੀ ਤੋਂ ਬਾਹਰ ਹੋ ਗਏ ਹਨ?

5. ਕੀ ਇਹ ਰਚਨਾ ਨੰ ਗੁਰੂ ਦਾ ਦਰਜਾ ਪ੍ਰਾਪਤ ਹੈ?

6. ਕੀ ਇਸ ਰਚਨਾ ਰਾਹੀਂ ਬੇਨਤੀ ਦੇਹਧਾਰੀ ਦੇਵਤੇ ਅੱਗੇ ਹੁੰਦੀ ਹੈ ਜਾਂ ਅਕਾਲ ਪੁਰਖ ਅੱਗੇ?

7. ਕੀ ਇਸ ਰਚਨਾ ਨੂੰ ਨਿੱਤਨੇਮ ਦਾ ਅੰਗ ਬਣਾਉਣ ਵਿੱਚ ਅੰਗ੍ਰੇਜ਼ੀ ਸਰਕਾਰ ਵਲੋਂ ਚੁਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਵੀ ਹੱਥ ਹੈ ਜਿਸ ਦੇ ਮੈਂਬਰਾਂ ਨੂੰ ਸ਼੍ਰੋ. ਗੁ. ਪ੍ਰ. ਵਿੱਚ ਹੀ ਸ਼ਾਮਲ ਕਰ ਦਿੱਤਾ ਗਿਆ ਸੀ?

8. ਕੀ ਇਹ ਰਚਨਾ ਸਿੱਖਾਂ ਦੇ ਗਲ਼ ਪਾਉਣ ਵਿੱਚ ਆਰ ਐੱਸ ਐੱਸ ਨਾਂ ਦੀ ਜਥੇਬੰਦੀ ਦਾ ਵੀ ਹੱਥ ਹੈ ਜੋ ਸੰਨ 1925 ਵਿੱਚ ਸਥਾਪਤ ਹੋ ਚੁੱਕੀ ਸੀ ਤੇ ਸ਼੍ਰੋ.ਗੁ.ਪ੍ਰ. ਵਲੋਂ ਬਣਾਈ ਸਬ ਕਮੇਟੀ ਵਲੋਂ ਸਿ.ਰ.ਮਰਯਾਦਾ ਦਾ ਖਰੜਾ ਸੰਨ 1931 ਵਿੱਚ ਬਣਿਆ ਸੀ?

9. ਕੀ ਸਿੱਖਾਂ ਨੂੰ ਸ਼੍ਰੀ ਗੁਰੂ ਗ੍ਰੰਥ ਸਾਹਿਬ ਵਾਲ਼ਾ ਨਿੱਤਨੇਮ ਹੀ ਅਪਨਾਉਣਾ ਨਹੀਂ ਚਾਹੀਦਾ?

10. ਕੀ ਨਿੱਤਨੇਮ ਦੀ ਇਹ ਤਬਦੀਲੀ ਕਿਸੇ ਕਮੇਟੀ ਜਾਂ ਜਥੇਦਾਰ ਵਲੋਂ ਕੀਤੀ ਜਾਵੇਗੀ, ਕਿ ਗੁਰੂ ਕੀਆਂ ਸੰਗਤਾਂ ਨੂੰ ਗੁਰਦੁਆਰਾ ਕਮੇਟੀਆਂ ਨਾਲ਼ ਮਿਲ਼ ਕੇ ਇਹ ਤਬਦੀਲੀ ਕਰ ਲੈਣੀ ਚਾਹੀਦੀ ਹੈ ਜਿਵੇਂ ਕਿ ਨੀਦਰਲੈਂਡ ਅਤੇ ਫਿਨਲੈਂਡ ਵਿੱਚ ਹੋਇਆ ਹੈ?

11. ਸ਼੍ਰੀ ਗੁਰੂ ਗ੍ਰੰਥ ਸਾਹਿਬ ਦੇ ਬਣਾਏ ਨਿੱਤਨੇਮ (ਪਹਿਲੇ 13 ਪੰਨੇ) ਅਤੇ ਗੁਟਕਿਆਂ ਵਿੱਚ ਭਾਂਤ ਭਾਂਤ ਦੇ ਨਿੱਤਨੇਮਾਂ ਵਿੱਚੋਂ ਕਿਸ ਅੱਗੇ ਸ਼ੀਸ਼ ਝੁਕਾਉਣਾ ਚਾਹੀਦਾ ਹੈ?
ਕੀ ਗੁਰਦੁਆਰਾ ਕਮੇਟੀਆਂ ਦੀ ਅਣਖ ਜਾਗੇਗੀ ਕਿ ਉਹ ਸੰਗਤਾਂ ਵਿੱਚ ਸ਼੍ਰੀ ਗੁਰੂ ਗ੍ਰੰਥ ਸਾਹਿਬ ਵਾਲ਼ਾ ਨਿੱਤਨੇਮ ਨਿਡਰ ਹੋ ਕੇ ਪ੍ਰਚਲਤ ਕਰਵਾਉਣ?